# ਛੇਵੇਂ ਨਾਨਕ
# ਸਤਵੇਂ ਨਾਨਕ
# ਅਠਵੇਂ ਨਾਨਕ

ਗੁਰੂ ਹਰਿਗੋਬਿੰਦ ਜੀ
ਗੁਰੂ ਹਰਿ ਰਾਏ ਜੀ
ਗੁਰੂ ਹਰਿ ਕ੍ਰਿਸ਼ਨ ਜੀ

ਅਪ੍ਰੈਲ ੧, ੨੦੨੨

ਸ੍ਰੀ ਹੇਮਕੁੰਟ ਫ਼ਾਊਂਡੇਸ਼ਨ
ਦੇ
ਸ਼ਰਧਾਲੂ ਸੇਵਾਦਾਰਾਂ ਵਲੋਂ

# ਤਤਕਰਾ


| | | |
|---|---|---|
| | ਭੂਮਿਕਾ | ੩ |
| **ਛੇਵੇਂ ਨਾਨਕ - ਗੁਰੂ ਹਰਿਗੋਬਿੰਦ ਜੀ** | | |
| ੧ | ਮੁੱਢਲਾ ਜੀਵਨ | ੬ |
| ੨ | ਸੰਸਾਰਕ ਅਗਵਾਈ | ੭ |
| ੩ | ਅਕਾਲ ਤਖ਼ਤ ਸਥਾਪਤ ਕਰਨਾ | ੯ |
| ੪ | ਛੇਵੇਂ ਨਾਨਕ ਦੀ ਗ੍ਰਿਫ਼ਤਾਰੀ | ੧੦ |
| ੫ | ਬੰਦੀ ਛੋੜ ਦਿਵਸ | ੧੧ |
| ੬ | ਕਰਤਾਰਪੁਰ ਦੀ ਸਥਾਪਨਾ ਕਰਨਾ | ੧੩ |
| ੭ | ਸਿੱਖਾਂ ਦੀਆਂ ਪੰਜ ਜੰਗਾਂ | ੧੪ |
| ੮ | ਕੀਰਤਪੁਰ ਅਤੇ ਜੋਤੀ ਜੋਤ ਸਮਾਉਣਾ | ੧੭ |
| ੯ | ਗੁਰੂ ਹਰਿਗੋਬਿੰਦ ਜੀ ਦੀਆਂ ਵਿਸ਼ੇਸ਼ਤਾਈਆਂ | ੨੦ |
| **ਸਤਵੇਂ ਨਾਨਕ - ਗੁਰੂ ਹਰਿ ਰਾਏ ਜੀ** | | |
| ੧੦ | ਮੁੱਢਲਾ ਜੀਵਨ | ੨੨ |
| ੧੧ | ਹਰਿ ਰਾਏ ਜੀ ਦਾ ਪਰਵਾਰ ਅਤੇ ਗੁਰਗੱਦੀ | ੨੪ |
| ੧੨ | ਗੁਰੂ ਜੀ ਦੀ ਡਿਸਪੈਂਸਰੀ (ਫਾਰਮੈਸੀ) | ੨੫ |
| ੧੩ | ਦਾਰਾ ਸ਼ਿਕੋਹ ਦਾ ਗੁਰੂ ਜੀ ਕੋਲ ਆਉਣਾ | ੨੬ |
| ੧੪ | ਰਾਮ ਰਾਏ ਨੂੰ ਬੇ-ਦਖਲ ਕਰਨਾ | ੨੭ |
| ੧੫ | ਆਤਮਿਕ ਜੋਤ ਦਾ ਪਰਸਾਰ | ੨੯ |
| ੧੬ | ਗੁਰੂ ਹਰਿ ਰਾਏ ਜੀ ਦੀਆਂ ਵਿਸ਼ੇਸਤਾਈਆਂ | ੩੦ |
| **ਅਠਵੇਂ ਨਾਨਕ - ਗੁਰੂ ਹਰਿ ਕ੍ਰਿਸ਼ਨ ਜੀ** | | |
| ੧੭ | ਮੁਢਲਾ ਜੀਵਨ ਅਤੇ ਗੁਰਗੱਦੀ | ੩੨ |
| ੧੮ | ਛੱਜੂ ਅਤੇ ਗੀਤਾ ਦੀ ਗਾਥਾ | ੩੩ |
| ੧੯ | ਤੇਗ ਬਹਾਦਰ ਜੀ ਨੂੰ ਮਿਲਨਾ | ੩੫ |
| ੨੦ | ਔਰੰਗਜ਼ੇਬ ਨੂੰ ਮਿਲਨਾ | ੩੬ |
| ੨੧ | ਚੀਚਕ ਨਾਲ ਪੀੜਤ ਹੋਣਾ | ੩੭ |
| ੨੨ | ਸਿਰਫ ਗੁਰਬਾਣੀ ਹੀ ਅੰਮ੍ਰਿਤ ਹੈ | ੩੮ |
| ੨੩ | ਗੁਰੂ ਹਰਿਕ੍ਰਿਸ਼ਨ ਜੀ ਦੀਆਂ ਵਿਸ਼ੇਸ਼ਤਾਈਆਂ | ੩੯ |
| ੨੪ | ਵਿਸ਼ੇਸ਼ ਸੰਸਾਰਕ ਘਟਨਾਵਾਂ | ੪੦ |
| | ਹਵਾਲੇ | ੪੧ |

# ਭੂਮਿਕਾ

ਹੇਮਕੁੰਟ ਫ਼ਾਉਂਡੇਸ਼ਨ ਦੀ ਸਥਾਪਨਾ ਨਿਊ ਯਾਰਕ, ਅਮਰੀਕਾ ਵਿਚ (੧੯੮੦ ਵਿਚ) ਚਾਰ ਦਹਾਕੇ ਪਹਿਲਾਂ ਕੀਤੀ ਗਈ। ਇਸ ਫ਼ਾਉਂਡੇਸਨ ਦੇ ਪਰਮੁੱਖ ਉਦੇਸ਼ ਪੱਛਮੀ ਧਰਤੀ ਤੇ ੬-੨੫ ਸਾਲਾਂ ਦੀ ਆਯੂ ਦੇ ਬੱਚੇ ਅਤੇ ਨੌ-ਜੁਆਨਾਂ ਨੂੰ ਸਿੱਖੀ ਦੀ ਸਿਖਿਆ ਪ੍ਰਾਪਤ ਕਰਨ ਵਿਚ ਸਹਾਇਤਾ ਕਰਨਾ, ਆਮ ਲੋਕਾ ਵਿਚ ਬੋਲਣ ਦਾ ਗੁਣ ਸਿਖਾਣਾ ਅਤੇ ਸਿੱਖ ਹੋਣ ਵਜੋਂ ਗੌਰਵ ਅਨੁਭਵ ਕਰਨਾ ਹੈ।

ਇਹ ਸਭ ਕੁਝ ਅਸੀਂ ਗੁਰੂਆਂ ਦੀਆਂ ਜੀਵਨੀ-ਅਧਾਰਤ ਸਿਖਿਅਕ ਪੁਸਤਕਾ ਰਾਹੀਂ, ਸਿੱਖ ਇਤਿਹਾਸ ਰਾਹੀਂ ਅਤੇ ਸਿੱਖ ਫ਼ਿਲਾਸਫ਼ੀ ਰਾਹੀਂ ਕਰਦੇ ਹਾਂ। ਨੌ-ਜੁਆਨਾਂ ਨੂੰ ਸਿੱਖੀ ਬਾਰੇ ਜਾਨਕਾਰੀ ਨੂੰ ਦੂਸਰਿਆਂ ਵਿੱਚ ਪ੍ਰਗਟਾਵਾ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ ਅਤੇ ਇਕ ਦੂਜੇ ਨਾਲ ਗੱਲ ਬਾਤ ਕਰਦਿਆਂ ਸਿੱਖੀ ਬਾਰੇ ਸੁਚੱਜੇ ਤਰੀਕੇ ਨਾਲ ਦਸ ਸਕਨ।

ਫ਼ਾਉਂਡੇਸ਼ਨ ਵਲੋਂ ਪ੍ਰਯੋਜਿਤ ਕੀਤੇ ਇਸ ਸਬੰਧ ਵਿਚ ਪ੍ਰਮੁੱਖ ਅਦਾਇਗੀ ਲਈ ਇਕ ਸਾਲਾਨਾ ਗੋਸ਼ਟੀ-ਸੰਮੇਲਨ ਹੁੰਦਾ ਹੈ। ੬-੮ ਸਾਲ, ੯-੧੧ ਸਾਲ, ੧੨- ੧੪ ਸਾਲ, ੧੫-੧੭ ਸਾਲ ਅਤੇ ੧੮-੨੫ ਸਾਲਾਂ ਦੇ ਪ੍ਰਤੀਯੋਗੀ ਇਸ ਪ੍ਰਤੀਯੋਗਤਾ ਵਿਚ ਹਿੱਸਾ ਲੈਂਦੇ ਹਨ। ਹਰੇਕ ਗਰੁੱਪ ਲਈ ਇਕ ਆਯੂ-ਉਚਿੱਤ ਪੁਸਤਕ ਨਿਰਧਾਰਤ ਕੀਤੀ ਜਾਂਦੀ ਹੈ। ਇਹ ਗੋਸ਼ਟੀ-ਸੰਮੇਲਨ ਪ੍ਰਤੀਯੋਗੀਆ ਨੂੰ ਵੱਖ ਵੱਖ ਵਿਸ਼ਿਆਂ ਦੇ ਅਲੋਚਨਾਤਮਿਕ ਨਿਰੀਖਣ ਕਰਨ ਲਈ ਉਤਸ਼ਾਹਤ ਕਰਦਾ ਹੈ ਅਤੇ ਮੰਚ ਤੋਂ ਨਿਸ਼ਚਿਤ ਸਮੇਂ ਵਿਚ ਕੁਝ ਸਵਾਲਾਂ ਦੇ ਜੁਆਬ ਦੇਣੇ ਹੁੰਦੇ ਹਨ। ਭਾਸ਼ਨ-ਕਲਾ ਅਤੇ ਵਿਸ਼ਾ-ਵਸਤੂ ਅਨੁਸਾਰ ਪ੍ਰਤੀਯੋਗੀਆ ਦਾ ਵਰਗੀਕਰਣ ਕੀਤਾ ਜਾਂਦਾ ਹੈ।

ਹਰ ਸਾਲ, ਇਕ ਤਿੰਨ-ਪੱਧਰੀ ਮੁਕਾਬਲਾ ਕਰਵਾਇਆ ਜਾਂਦਾ ਹੈ। ਪਹਿਲੇ ਪੱਧਰ ਤੇ ਅਮਰੀਕਾ, ਇੰਗਲੈਂਡ ਅਤੇ ਕੀਨੀਆ ਤੋਂ ਕੋਈ ੨੫੦੦ ਬੱਚੇ ਅਤੇ ਨੌ-ਜੁਆਨ ਸਥਾਨਕ ਮੁਕਾਬਲੇ ਵਿਚ ਹਿੱਸਾ ਲੈਂਦੇ ਹਨ। ਦੂਜੇ ਪੱਧਰ ਤੇ ਲਗ ਭਗ ੪੦੦ ਪ੍ਰਤੀਯੋਗੀ ਮੁਕਾਬਲੇ ਵਿਚ ਹਿੱਸਾ ਲੈਂਦੇ ਹਨ। ਸਥਾਨਕ ਮੁਕਾਬਲੇ ਵਿਚ ਇਹਨਾ ਵਿਚੋਂ ਪਹਿਲਾ ਅਤੇ ਦੂਜਾ ਪੱਧਰ ਦੇ ਸਥਿਤੀ-ਧਾਰਕ ਬਣਦੇ ਹਨ। ਤੀਜੇ ਪੱਧਰ ਤੇ, ਲਗ ਭਗ ੧੨੫ ਪ੍ਰਤੀਯੋਗੀ ਮੁਕਾਬਲਾ ਕਰਦੇ ਹਨ। ਇਹਨਾ ਵਿਚੋਂ ਦੂਜੇ ਦਰਜੇ ਦੇ ਪਹਿਲੇ ਸਥਿਤੀ-ਧਾਰਕ ਬਣਦੇ ਹਨ। ਇਹੀ ਅੰਤਮ ਅਤੇ ਅੰਤਰ-ਰਾਸ਼ਟਰੀ ਪੱਧਰ ਹੈ।

ਬੀਤੇ ਸਾਲਾਂ ਵਿਚ, ਫ਼ਾਉਂਡੇਸ਼ਨ ਨੇ ਭਾਰਤ ਅਤੇ ਯੂਕੇ ਆਦਿਕ ਵਿਚ ਛਪੀਆਂ ਪੁਸਤਕਾ ਦੀ ਵਰਤੋਂ ਕੀਤੀ। ਹਰ ਸਾਲ ਹੀ ਮਾਪਿਆਂ, ਪ੍ਰਤੀਯੋਗੀਆ ਅਤੇ ਜੱਜਾਂ ਨੇ ਉਚਿੱਤ ਆਲੋਚਨਾ ਕੀਤੀ ਕਿ ਮੁਕਾਬਲੇ ਲਈ ਨਿਰਧਾਰਤ ਕੀਤੀਆਂ ਕੁਝ ਪੁਸਤਕਾਂ ਤਸੱਲੀ-ਬਖ਼ਸ਼ ਨਹੀਂ ਹਨ। ਅੰਗ੍ਰੇਜ਼ੀ ਦੀ ਸ਼ਬਦਾਵਲੀ, ਵਾਕ-ਬਣਤਰ ਅਤੇ ਪਰਸੰਗ ਪੱਛਮੀ ਸਰੋਤਿਆਂ ਲਈ ਢੁਕਵੇਂ ਨਹੀਂ ਹਨ। ਬਹੁਤੀਆਂ ਗਾਥਾ ਅਤੇ ਸਾਖੀਆਂ ਕਿਸੇ ਦਲੀਲ ਜਾਂ ਸਧਾਰਨ ਧਾਰਣਾ ਨੂੰ ਵਿਸ਼ੇਸ਼ਤਾ ਦੇਣ ਦੇ ਬਦਲੇ ਅਣ-ਉਚਿਤ "ਚਮਤਕਾਰੀ"ਰੂਪ ਵਿਚ ਦਸੀਆਂ ਗਈਆਂ ਹਨ।

ਇਸ ਸਥਿਤੀ ਨੂੰ ਸੁਧਾਰਨ ਲਈ, ਫ਼ਾਉਂਡੇਸ਼ਨ ਨੇ ਕੁਝ ਸਾਲ ਪਹਿਲਾਂ ਫ਼ੈਸਲਾ ਕੀਤਾ ਕਿ ਕਿਤਾਬਾਂ ਦੇ ਲਿਖਣ ਲਈ ਖੁਦ ਉਪਰਾਲਾ ਕੀਤਾ ਜਾਵੇ ਤਾਕਿ ਗੋਸ਼ਟੀ ਸੰਮੇਲਨ ਅਤੇ ਸਾਲਾਨਾ ਮੁਕਾਬਲਿਆਂ ਲਈ

ਉਚਿਤ ਕਿਤਾਬਾਂ ਦੀ ਵਰਤੋਂ ਕੀਤੀ ਜਾ ਸਕੇ। ਫ਼ਾਉਂਡੇਸ਼ਨ ਦੇ ਸ਼ਰਧਾਵਾਨ ਸੇਵਾਦਾਰਾਂ ਨੇ ਇਸ ਸੇਵਾ ਦੀ ਜਿਮੇਵਾਰੀ ਲਈ।

ਹਥਲੀ ਪੁਸਤਕ ੯-੧੧ ਸਾਲਾ ਦੇ ਗਰੁੱਪ ਲਈ ਬਣਾਈ ਗਈ ਹੈ। ਕੋਸ਼ਸ਼ ਕੀਤੀ ਗਈ ਹੈ ਕਿ ਗੁਰੂ ਜੀ ਦੀਆਂ ਸਿਖਿਆਵਾਂ ਨੂੰ ਦਲੀਲ ਪੂਰਵਕ ਢੰਗ ਨਾਲ ਪੇਸ ਕੀਤਾ ਜਾਏ। ਇਸ ਪੁਸਤਕ ਵਿਚ ਸਧਾਰਨ ਅਤੇ ਆਸਾਨ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ ਤਾਂਕਿ ਗਲ ਆਸਾਨੀ ਨਾਲ ਸਮਝ ਆ ਸਕੇ। ਉਹਨਾਂ ਘਟਨਾਵਾਂ ਅਤੇ ਸਥਾਨਾ ਦੇ ਹਵਾਲਿਆਂ ਦੀ ਵਰਤੋਂ ਤੋਂ ਪਰਹੇਜ਼ ਕੀਤਾ ਗਿਆ ਹੈ ਜਿਹਨਾਂ ਤੋਂ ਪੱਛਮੀ ਦੇਸ਼ਾਂ ਦੇ ਸਕੂਲ ਜਾਂਦੇ ਬੱਚੇ ਸਧਾਰਨ ਤੌਰ ਤੇ ਜਾਣੂ ਨ ਹੋਣ। ਅਧਿਆਪਕ ਅਤੇ ਮਾਪਿਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਵਿਦਿਆਰਥੀਆਂ ਨੂੰ ਸਾਰੀ ਸਮੱਗਰੀ ਸਮਝਣ ਵਿਚ ਪੂਰੀ ਤਰ੍ਹਾਂ ਸਹਾਇਕ ਬਣਨ ਤਾਕਿ ਵਿਦਿਆਰਥੀ ਕਿਸੇ ਵੀ ਭਾਵਨਾਵਾਂ ਅਤੇ ਸੰਦੇਸ਼ਾਂ ਨੂੰ ਯਕੀਨਨ ਸਮਝਣ, ਨਾਕਿ ਸਿਰਫ਼ ਇਤਿਹਾਸਕ ਤੱਤਾਂ ਨੂੰ ਹੀ ਯਾਦ ਰਖਣ। 'ਫ਼ਾਉਂਡੇਸ਼ਨ' ਇਸ ਪੁਸਤਕ ਦੀ ਵਰਤੋਂ ਸਾਲਾਨਾ ਗੋਸ਼ਟੀਆਂ (ਬੋਲ ਚਾਲ ਦੇ ਮੁਕਾਬਲਿਆਂ) ਲਈ ਕਰਦੀ ਹੈ। ਅੰਤਰ-ਰਾਸ਼ਟਰੀ ਸਾਲਾਨਾ ਗੋਸ਼ਟੀਆਂ ਲਈ ਸਬੰਧਤ ਜਾਣਕਾਰੀ ਲਈ ਦੇਖੋ: website www.hemkunt2.org.

ਇਸ ਪੁਸਤਕ ਦੀਆ ਅੰਗ੍ਰੇਜ਼ੀ ਅਤੇ ਪੰਜਾਬੀ ਦੇ ਦੋਨੋ ਰੁਪਾਂਤਰ ਸਾਡੀ ਵੈੱਬਸਾਈਟ ਤੇ ਹਨ। ਗੁਰਦੁਆਰਿਆਂ ਰਾਹੀਂ ਚਲਾਏ ਜਾ ਰਹੇ 'ਸੰਡੇ ਸਕੂਲ' ਵੀ ਇਸ ਪੁਸਤਕ ਨੂੰ ਮੁਫ਼ਤ ਵਰਤ ਸਕਦੇ ਹਨ। ਇਹਨਾ ਪੁਸਤਕਾਂ ਦੇ ਵਰਤਣ ਲਈ 'ਫ਼ਾਉਂਡੇਸ਼ਨ' ਪਾਸੋਂ ਕੋਈ ਆਗਿਆ ਲੈਣ ਦੀ ਜ਼ਰੂਰਤ ਨਹੀਂ।

ਪੁਸਤਕ ਦੀ ਬੇਹਤਰੀ ਲਈ ਕਿਸੇਤਰ੍ਹਾਂ ਦੇ ਵੀ ਸਲਾਹ-ਮਸ਼ਵਰਾ ਅਤੇ ਟਿਪਣੀਆਂ ਨੂੰ ਸਦਾ ਹੀ 'ਜੀ ਆਇਆਂ" ਕਹਿੰਦੇ ਹਾਂ।

*ਕਰਮਜੀਤ ਸਿੰਘ*
*ਬੋਰਡ ਮੈਂਬਰ*
*੫੧੬-੭੮੨-੩੨੫੭*
*hemkunt@hemkunt2.org*
ਨਿਊ ਯਾਰਕ, ਯੂ. ਐੱਸ. ਏ.

# ਛੇਵੇਂ ਨਾਨਕ

ਗੁਰੂ ਹਰਿਗੋਬਿੰਦ ਜੀ

# ੧. ਮੁੱਢਲਾ ਜੀਵਨ

**੧੫੯੦** (ਜਨਮ): ਹਰਿਗੋਬਿੰਦ ਜੀ ਦਾ ਜਨਮ ਅੰਮ੍ਰਿਤਸਰ ਦੇ ਨੇੜੇ ਗੁਰੂ ਕੀ ਵਡਾਲੀ ਵਿਖੇ ੧੯ ਜੂਨ, ੧੫੯੦ ਨੂੰ ਹੋਇਆ। ਪਹਿਲਾਂ ਮੰਨਿਆ ਜਾਂਦਾ ਸੀ ਕਿ ਗੁਰੂ ਜੀ ਦਾ ਜਨਮ ੧੫੯੫ ਵਿਚ ਹੋਇਆ ਸੀ। ੧੫੯੦ ਦਾ ਸਾਲ ਕੀਰਤ ਭੱਟ ਨੇ ਅਪਨੀ ਵਹੀ ਵਿੱਚ ਲਿਖਿਆ ਹੈ। ਕੀਰਤ ਭੱਟ ਦੀਆਂ ਰਚਨਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

ਹਰਿਗੋਬਿੰਦ ਜੀ ਆਪਣੇ ਪਿਤਾ ਗੁਰੂ ਅਰਜਨ ਦੇਵ ਜੀ ਅਤੇ ਮਾਤਾ ਗੰਗਾ ਜੀ ਦੇ ਇਕਲੋਤੇ ਸਪੁੱਤਰ ਸਨ। ਆਪ ਜੀ ਦੀ ਸੈਨਕ ਅਤੇ ਅਧਿਆਤਮਿਕ ਸਿਖਿਆ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੀ ਦੇਖ ਰੇਖ ਹੇਠਾਂ ਹੋਈ। ਬਾਬਾ ਬੁੱਢਾ ਜੀ ਨੇ ਆਪ ਜੀ ਨੂੰ ਸੈਨਕ ਕਰਤਵਾਂ ਦੀ ਸਿਖਲਾਈ ਦਿਤੀ ਅਤੇ ਹਰਿਗੋਬਿੰਦ ਜੀ ਆਕ੍ਰਮਣਕਾਰੀ ਅਤੇ ਸਵੈ-ਰਖਿਅਕ ਹਥਿਆਰਬਾਜ਼ੀ, ਘੋੜ-ਸਵਾਰੀ, ਤੈਰਨਾ, ਰਸਾਇਕ ਸਿਖਿਆ, ਜੋਤਿਸ਼ ਵਿਗਿਆਨ, ਦਵਾਈਆਂ, ਕਾਸ਼ਤਕਾਰੀ, ਪ੍ਰਬੰਧਕੀ ਵਿਦਿਆ ਅਤੇ ਹੋਰ ਵਿਗਿਆਨਕ ਵਿਸ਼ਿਆਂ ਵਿਚ ਨਿਪੁੰਨ ਹੋ ਗਏ। ਭਾਈ ਪਰਾਗਾ ਅਤੇ ਭਾਈ ਗੰਗਾ ਸਹਿਗਲ ਨੇ ਆਪ ਜੀ ਨੂੰ ਸੰਗਰਾਮ ਯੁੱਦ ਦੀ ਸਿਖਲਾਈ ਦਿਤੀ। ਉਹ ਆਪ ਵੀ ਬੜੇ ਮਹਾਨ ਯੋਧੇ ਸਨ। ਬਾਅਦ ਵਿਚ, ਉਹ ਦੋਨੋ ਹੀ ਗੁਰੂ ਜੀ ਦੀਆਂ ਫੌਜਾਂ ਵਿਚ ਭਰਤੀ ਹੋ ਗਏ ਅਤੇ ਸਿੱਖ ਪੰਥ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿਤੀਆਂ।

ਉਸੇ ਸਮੇਂ ਦੇ ਦੌਰਾਨ, ਅੰਮ੍ਰਿਤਸਰ ਦੇ ਨੇੜੇ ਲਾਹੌਰ ਦੇ ਲੋਕਾਂ ਨੂੰ ਕਾਲ, ਮੌਸਮੀ ਬੁਖਾਰ ਅਤੇ ਚੀਚਕ ਦੇ ਸ਼ਿਕਾਰ ਹੋਣਾ ਪਿਆ। ਪੰਜਵੇਂ ਗੁਰੂ ਜੀ ਨੇ ਪਹਿਲਾਂ ਹੀ ਪੰਜ ਸਾਲ ਲਾਹੌਰ ਦੇ ਬੀਮਾਰ ਅਤੇ ਗਰੀਬ ਲੋਕਾਂ ਦੀ ਦੇਖ ਭਾਲ ਕੀਤੀ ਸੀ। ਪੰਜਵੇਂ ਨਾਨਕ ਜਦ ਲਾਹੌਰ ਤੋਂ ਵਾਪਸ ਅੰਮ੍ਰਿਤਸਰ ਆਏ ਤਾਂ ਬਾਲਕ ਹਰਿਗੋਬਿੰਦ ਜੀ ਚੀਚਕ ਦੇ ਸ਼ਿਕਾਰ ਹੋ ਗਏ, ਜੋ ਕਿ ਇਕ ਬਹੁਤ ਹੀ ਬੁਰੀ ਛੂਤ ਦੀ ਬੀਮਾਰੀ ਹੁੰਦੀ ਹੈ। ਗੁਰੂ ਜੀ ਦੇ ਨੇੜਲੇ ਕੁਝ ਲੋਕਾਂ ਨੇ ਸਲਾਹ ਦਿਤੀ ਕਿ ਬੱਚੇ ਨੂੰ ਸੀਤਲਾ ਦੇ ਮੰਦਰ ਵਿਚ ਦੇਵੀ ਦੀ ਅਸੀਸ ਮੰਗਣ ਲਈ ਲਿਜਾਇਆ ਜਾਵੇ ਤਾਕਿ ਸਾਹਿਬਜ਼ਾਦਾ ਇਸ ਮਾਰੂ ਮੀਮਾਰੀ ਤੋਂ ਬਚ ਜਾਵੇ। ਗੁਰੂ ਜੀ ਨੇ ਜਵਾਬ ਦਿਤਾ ਕਿ ਕਿਸੇ ਦੇਵੀ ਅੱਗੇ ਅਰਦਾਸ ਕਰਨ ਦੀ ਬਜਾਏ ਇਸ ਸਰੀਰਕ ਬੀਮਾਰੀ ਦਾ ਇਲਾਜ ਕਰਨਾ ਚਾਹੀਦਾ ਹੈ। ਗੁਰੂ ਜੀ ਨੇ ਦਸਿਆ ਕਿ ਕਿਸੇ ਬੀਮਾਰੀ ਨੂੰ ਕਿਸੇ ਦੇਵੀ ਨਾਲ ਜੋੜਨਾ ਇਕ ਮਿਥਹਾਸ ਹੈ। ਠੀਕ ਇਲਾਜ ਕਰਨ ਨਾਲ ਸਾਹਿਬਜ਼ਾਦਾ ਪੂਰੀ ਤਰ੍ਹਾਂ ਰਾਜ਼ੀ ਹੋ ਗਏ।

**੧੬੦੪** (ਉਮਰ ੧੪ ਸਾਲ): ਹਰਿਗੋਬਿੰਦ ਜੀ ਦੀ ਸ਼ਾਦੀ ਡਰੋਲੀ ਪਿੰਡ ਦੀ ਲੜਕੀ ਦਮੋਦਰੀ ਨਾਲ ਹੋ ਗਈ। ਇਹ ਪਿੰਡ ਅੱਜ ਕਲ੍ਹ ਮੋਗਾ ਜ਼ਿਲੇ ਵਿਚ ਹੈ।

**********************

# ੨. ਸੰਸਾਰਕ ਅਗਵਾਈ

**੧੬੦੬** (ਉਮਰ ੧੧): ਹਰਿਗੋਬਿੰਦ ਜੀ ਨੂੰ ੬ ਮਈ, ੧੬੦੬ ਵਾਲੇ ਦਿਨ ਛੇਵੇਂ ਨਾਨਕ ਵਜੋਂ ਸੁਸ਼ੋਭਿਤ ਕੀਤਾ ਗਿਆ। ਹਰਿਮੰਦਰ ਸਾਹਿਬ ਦੇ ਦੀਵਾਨ ਹਾਲ ਵਿਖੇ ਆਦਿ ਗ੍ਰੰਥ ਦੀ ਹਜ਼ੂਰੀ ਵਿਚ ਇਹ ਸਮਾਗਮ ਆਯੋਜਿਤ ਕੀਤਾ ਗਿਆ। ਪਹਿਲੇ ਗੁਰੂਆਂ ਅਤੇ ਭਗਤਾਂ ਦੀ ਬਾਣੀ ਨੂੰ ਇਸ ਗ੍ਰੰਥ ਵਿਚ ਪਹਿਲਾਂ ਹੀ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਨੇ ਅੰਕਿਤ ਕਰ ਦਿਤਾ ਸੀ। ਸੋ ਉਸ ਵੇਲੇ ਇਹਨਾਂ ਬਾਣੀਆਂ ਨੂੰ ਛੇਵੇਂ ਨਾਨਕ ਨੂੰ ਸੌਂਪਣ ਦੀ ਕੋਈ ਜ਼ਰੂਰਤ ਨਹੀਂ ਸੀ, ਜਿਵੇਂ ਕਿ ਪਹਿਲੇ ਨਾਨਕਾਂ ਵੇਲੇ ਅਜਿਹਾ ਕਰਨ ਦੀ ਪਰੰਪਰਾ ਸੀ।

ਮਈ ੩੦, ੧੬੦੬ ਨੂੰ ਲਾਹੌਰ ਵਿਚ ਪੰਜਵੇਂ ਨਾਨਕ ਨੂੰ ਸ਼ਹੀਦ ਕਰ ਦਿਤਾ ਗਿਆ ਸੀ। ਇਸ ਘਟਨਾ ਦੇ ਵਾਪਰਨ ਨਾਲ ਉਸ ਵੇਲੇ ਸਿੱਖ ਜਗਤ ਵਿਚ ਕੋਈ ਨਵਾਂ ਰੁਖ਼ ਸਿਰਜਣ ਦਾ ਵਕਤ ਆ ਗਿਆ ਸੀ। ਸ਼ਹੀਦ ਹੋਣ ਵੇਲੇ ਗੁਰੂ ਅਰਜਨ ਪਿਤਾ ਜੀ ਦਾ ਸੰਦੇਸ਼ ਸੀ ਕਿ ਆਪਣੀ ਸੰਪੂਰਨ ਯੋਗਤਾ ਅਨੁਸਾਰ ਇਕ ਫੌਜ ਬਣਾ ਕੇ ਰਖੀ ਜਾਵੇ। ਪਿਤਾ ਜੀ ਦੇ ਆਦੇਸ਼ ਅਨੁਸਾਰ, ਛੇਵੇਂ ਨਾਨਕ ਨੇ ਜ਼ੁਲਮ ਅਤੇ ਬੇਇਨਸਾਫ਼ੀ ਦਾ ਸਾਹਮਣਾ ਕਰਨ ਲਈ ਸਿੱਖਾਂ ਨੂੰ ਤਿਆਰ ਕਰਨਾ ਸ਼ੁਰੂ ਕਰ ਦਿਤਾ। ਗੁਰੂ ਜੀ ਨੂੰ ਪਤਾ ਸੀ ਕਿ ਸਿੱਖ ਜਗਤ ਦੀ ਰਖਿਆ ਲਈ ਇਸ ਵੇਲੇ ਹਥਿਆਰ ਰਖਣ ਦੀ ਲੋੜ ਸੀ। ਗੁਰੂ ਜੀ ਨੇ ਦੋ ਤਲਵਾਰਾਂ ਪਹਿਨਣੀਆਂ ਸ਼ੁਰੂ ਕੀਤੀਆਂ – ਇਕ ਮੀਰੀ ਵਜੋਂ, ਜੋ ਕਿ ਸੰਸਾਰਕ ਪ੍ਰਭੁਤਾ ਦਾ ਚਿੰਨ੍ਹ ਸੀ ਅਤੇ ਦੂਜੀ ਪੀਰੀ ਵਜੋਂ ਜੋ ਕਿ ਅਧਿਆਤਮਿਕ ਪ੍ਰਭੁਤਾ ਦਾ ਚਿੰਨ੍ਹ ਸੀ।

ਗੁਰੂ ਜੀ ਨੇ ਲੋਕਾਂ ਨੂੰ ਬਦਲਣਾ ਚਾਹਿਆ ਤਾਕਿ ਉਹ ਨਾਂ ਤਾਂ ਕਿਸੇ ਤੋਂ ਡਰਨ ਅਤੇ ਨਾ ਹੀ ਕਿਸੇ ਨੂੰ ਡਰਾਉਣ। ਗੁਰੂ ਜੀ ਨੇ ਲੋਕਾਂ ਨੂੰ ਸੈਨਿਕ ਬਿਰਤੀ ਵਾਲੇ ਬਨਾਣਾ ਸ਼ੁਰੂ ਕੀਤਾ ਤਾਕਿ ਉਹ ਮਨੁੱਖਤਾ ਨੂੰ ਜ਼ੁਲਮ ਅਤੇ ਅਤਿਆਚਾਰ ਤੋਂ ਬਚਾ ਸਕਣ। ਗੁਰੂ ਜੀ ਨੇ ਸਿੱਖਾਂ ਦੀ ਇਕ ਫੌਜ ਬਣਾਈ, ਜੋ ਕਿ ਸਿੱਖ ਸਮਾਜ ਵਿਚ ਪਹਿਲੀ ਫੌਜ ਸੀ।

ਭਾਵੇਂ ਕਿ ਲੋਕਾਂ ਵਿਚ ਸੰਸਾਰਕ ਪ੍ਰਭੁਤਾ ਦੀ ਮਹੱਤਤਾ ਨੂੰ ਜਤਾਇਆ ਗਿਆ, ਪਰ ਪੀਰੀ – ਅਧਿਆਤਮਿਕ ਗੌਰਵਤਾ – ਹਮੇਸ਼ਾ ਹੀ ਪਹਿਲ ਵਜੋਂ ਜਾਰੀ ਰਖੀ ਗਈ। ਗੁਰੂ ਜੀ ਪੂਰੀ ਸੁਹਿਰਦਤਾ ਨਾਲ ਲੋਕਾਂ ਦੀਆਂ ਅਧਿਆਤਮਿਕ ਲੋੜਾਂ ਦਾ ਧਿਆਨ ਰਖਦੇ ਰਹੇ।

ਗੁਰੂ ਜੀ ਨੇ ਸਿੱਖਾਂ ਨੂੰ ਨਿਰਦੇਸ਼ ਕੀਤਾ ਕਿ ਚੜ੍ਹਾਵੇ ਵਜੋਂ ਉਹ ਗੁਰੂ ਜੀ ਲਈ ਵਧੀਆ ਹਥਿਆਰ ਅਤੇ ਸ਼ਕਤੀਸ਼ਾਲੀ ਘੋੜੇ ਲੈ ਕੇ ਆਉਣ। ਗੁਰੂ ਜੀ ਨੇ ਮਸੰਦਾਂ (ਮਿਸ਼ਨਰੀਆਂ ਵਜੋਂ ਅਤੇ ਦਸਵੰਧ ਇਕੱਠਾ ਕਰਨ ਲਈ ਸਥਾਪਤ ਕੀਤੇ ਗਏ ਸਥਾਨਕ ਆਗੂ) ਨੂੰ ਵੀ ਨਿਰਦੇਸ਼ ਕੀਤਾ ਕਿ ਉਹ ਗੁਰੂ ਜੀ ਦੇ ਇਸ ਸੰਦੇਸ਼ ਨੂੰ ਦੂਰ ਦੂਰ ਰਹਿੰਦੇ ਸਿੱਖਾਂ ਤੱਕ ਪੁਜਾਣ। ਗੁਰੂ ਜੀ ਦਾ ਮੰਤਵ ਸੀ ਕਿ ਉਹ ਇਕ ਫੌਜ ਬਨਾਉਣਗੇ ਜੋ ਸਮੇਂ ਦੇ ਹਾਕਮਾਂ ਦੇ ਜ਼ੁਲਮ ਅਤੇ ਅਤਿਆਚਾਰਾਂ ਵਿਰੁੱਧ ਖੜੇ ਹੋਸਕੇ। ਗੁਰੂ ਜੀ ਦੇ ਸੇਵਕਾਂ ਨੇ ਗੁਰੂ ਜੀ ਦਾ ਹੁਕਮ ਮੰਨਿਆ ਅਤੇ ਚੜ੍ਹਾਵੇ ਵਜੋਂ ਹਥਿਆਰ ਅਤੇ ਘੋੜੇ ਲੈ ਕੇ ਆਏ। ਗੁਰੂ ਜੀ ਦੀ ਫੌਜ ਵਿਚ ਭਰਤੀ ਹੋਣ

ਲਈ ਸਿੱਖ ਸਾਰੇ ਪਾਸਿਆਂ ਤੋਂ ਆਏ। ਗੁਰੂ ਜੀ ਨੇ ਕਵੀਆਂ ਨੂੰ ਉਤਸ਼ਾਹਤ ਕੀਤਾ ਕਿ ਉਹ ਵਾਰਾਂ ਲਿਖਣ। ਵਾਰਾਂ ਅਜਿਹੀਆਂ ਕਵਿਤਾਵਾਂ ਹੁੰਦੀਆਂ ਹਨ ਜਿਹਨਾਂ ਦੇ ਗਾਉਣ ਨਾਲ ਸਰੋਤਿਆਂ ਵਿਚ ਬੀਰ ਰਸ ਪੈਦਾ ਹੁੰਦਾ ਹੈ। ਇਹ ਵਾਰਾਂ ਉਤਰੀ ਭਾਰਤ ਵਿਚ ਗਾਏ ਜਾਣ ਵਾਲੇ ਗੀਤ ਹਨ ਜੋ ਮੌਸਮ ਅਤੇ ਸਮੇਂ ਅਨੁਸਾਰ ਗਾਏ ਜਾਂਦੇ ਹਨ। ਇਹਨਾਂ ਵਾਰਾਂ ਦੇ ਗਾਉਿਣ ਵਿਚ ਢੱਡ ਅਤੇ ਸਾਰੰਗੀ ਦੀ ਵਰਤੋਂ ਕੀਤੀ ਜਾਂਦੀ ਸੀ ਅਤੇ ਇਹ ਵਾਰਾਂ ਸਿੱਖਾਂ ਅੰਦਰ ਜੋਸ਼ ਭਰਨ ਲਈ ਗੁਰੂ ਜੀ ਦੇ ਦਰਬਾਰ ਵਿਚ ਗਾ ਕੇ ਸੁਣਾਈਆਂ ਜਾਂਦੀਆ ਸਨ।

ਵਾਰਾਂ ਦੀ ਰਚਨਾ ਗੁਰੂ ਨਾਨਕ ਅਤੇ ਤੀਜੇ, ਚੌਥੇ ਅਤੇ ਪੰਜਵੇਂ ਨਾਨਕ ਨੇ ਵੀ ਕੀਤੀ ਹੈ। ਇਹ ਵਾਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਅੰਕਿਤ ਕੀਤੀਆਂ ਗਈਆਂ ਹਨ। ਪੰਜਵੇਂ ਨਾਨਕ ਨੇ ਇਹਨਾਂ ਵਾਰਾਂ ਦੇ ਗਾਉਿਣ ਲਈ ਰਾਗ ਵੀ ਨਿਰਧਾਰਤ ਕੀਤੇ ਹਨ। ਢਾਡੀ ਗਾਇਕ ਉਹਨਾਂ ਰਾਗਾਂ ਵਿਚ ਹੀ ਵਾਰਾਂ ਗਾਇਆ ਕਰਦੇ ਸਨ ਤਾਕਿ ਸਿੱਖ ਯੋਧਿਆਂ ਵਿਚ ਨਿਡਰਤਾ ਦਾ ਪ੍ਰਭਾਵ ਪੈਦਾ ਕੀਤਾ ਜਾ ਸਕੇ।

**********************

# ੩. ਅਕਾਲ ਤਖ਼ਤ ਸਥਾਪਤ ਕਰਨਾ

**੧੬੦੯** (ਉਮਰ ੧੯ ਸਾਲ): ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਗੁਰਦਵਾਰੇ ਦੇ ਅੰਦਰ 'ਆਦਿ ਗ੍ਰੰਥ' ਦੀ ਸਥਾਪਨਾ ਪਹਿਲਾਂ ਹੀ ਹੋ ਚੁਕੀ ਸੀ। 'ਆਦਿ ਗ੍ਰੰਥ' ਅਧਿਆਤਮਿਕਤਾ ਲਈ "ਸਬਦ ਗੁਰੂ" (ਆਤਮਿਕ ਗਿਆਨ, ਧੁਨੀ) ਦੀ ਸਰਵਸ੍ਰੇਸ਼ਟਤਾ 'ਦਰਸਾਂਦਾ ਹੈ ਜੋ 'ਪੀਰੀ' (ਅਧਿਆਤਮਿਕਤਾ) ਦਾ ਵਿਸ਼ਾ ਹੈ। ਇਸ ਵੇਲੇ ਠੋਸ ਕਦਮ ਲੋੜੀਂਦੇ ਸਨ ਤਾਕਿ ਅਕਾਲ ਪੁਰਖ ਦੀ ਪ੍ਰਭੂਤਾ ਨੂੰ ਸਾਕਾਰ ਰੂਪ ਵਿਚ ਸੰਸਾਰਕ ਹੱਦਾਂ ਵਿਚ ਵੀ ਲਿਆਂਦਾ ਜਾ ਸਕਦਾ।

ਇਸ ਲਈ ਗੁਰੂ ਜੀ ਨੇ ਸਿੱਖਾਂ ਨੂੰ ਨਿਰਦੇਸ਼ ਕੀਤਾ ਕਿ 'ਗੁਰੂ ਦਾ ਚੱਕ' ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਦੇ ਸਾਹਮਣੇ ਇਕ ਉਚ-ਪੱਧਰ ਦੇ ਥੜੇ ਦੀ ਉਸਾਰੀ ਕੀਤੀ ਜਾਵੇ ਜੋ ਅਕਾਲ ਪੁਰਖ ਦੀ ਸਰਵਸ਼੍ਰੇਸ਼ਟਤਾ ਦਾ ਪ੍ਰਤੀਕ ਹੋਵੇ। ਬਾਅਦ ਵਿਚ, ਇਸ ਥੜ੍ਹੇ ਨੂੰ 'ਅਕਾਲ ਤਖ਼ਤ' ਵਜੋਂ ਜਾਣਿਆ ਜਾਣ ਲਗਿਆ। ਅਕਾਲ ਤਖ਼ਤ ਦੇ ਸਾਹਮਣੇ ਸਿਰ ਝੁਕਾਉਂਦਿਆ, ਸਿੱਖ ਇਸ ਗੱਲ ਨੂੰ ਯਾਦ ਰਖਦੇ ਸਨ ਕਿ ਉਹ ਸਿਰਫ ਇੱਕ 'ਅਕਾਲ ਪੁਰਖ' ਦੀ ਪਰਜਾ ਹਨ। ਸੋ ਉਹਨਾਂ ਨੂੰ ਕਿਸੇ ਕੋਲੋਂ ਡਰਨ ਦੀ ਲੋੜ ਨਹੀਂ ਅਤੇ ਨਾ ਹੀ ਕਿਸੇ ਹੋਰ ਨਾਸ਼ਵੰਤ ਪ੍ਰਾਣੀ ਜਾਂ ਸਿੰਘਾਸਨ ਦੇ ਸਾਹਮਣੇ ਸਿਰ ਝੁਕਾਉਣ ਦੀ ਲੋੜ ਹੈ।

ਅਕਾਲ ਤਖ਼ਤ ਦੀ ਸਥਾਪਨਾ ਅਤੇ ਇਸਤੋਂ ਪਹਿਲਾਂ ਹਰਿਮੰਦਰ ਸਾਹਿਬ ਦੇ ਅੰਦਰ 'ਆਦਿ ਗ੍ਰੰਥ' ਦੀ ਸਥਾਪਨਾ ਕਰਨਾ ਗੁਰਸਿੱਖਾਂ ਪ੍ਰਤੀ ਵਿਸ਼ੇਸ ਆਦੇਸ਼ ਸੀ ਕਿ ਅਕਾਲ ਪੁਰਖ ਦੀ ਸੰਪੂਰਨ ਸੰਸਾਰਕ ਅਤੇ ਅਧਿਆਤਮਿਕ ਪ੍ਰਭੂਸੱਤਾ ਹੈ। ਇਸਤਰ੍ਹਾਂ ਸਿੱਖ ਪ੍ਰਮਾਤਮਾ ਨੂੰ ਹਰ ਹਾਲਤ ਵਿਚ ਸਿਰਮੌਰ ਸੱਤਾਧਾਰੀ ਮੰਨਦੇ ਹਨ।

ਛੇਵੇਂ ਨਾਨਕ ਜੀ ਨੇ ਦੋ ਤਲਵਾਰਾਂ ਪਹਿਨਕੇ, ਜੋ ਕਿ 'ਮੀਰੀ' ਅਤੇ 'ਪੀਰੀ' ਦੀਆਂ ਚਿੰਨ੍ਹਾਤਮਿਕ ਸਨ, ਅਕਾਲ ਪੁਰਖ ਦੀ ਸਰਵਸ਼੍ਰੇਸ਼ਟਤਾ ਦਾ ਸੰਦੇਸ਼ ਜੋਰ ਵੀ ਸਪਸ਼ਟ ਕੀਤਾ। ਇਸ ਬਾਰੇ ਕਈ ਬਿਰਤਾਂਤ ਇਸਨੂੰ ਗਲਤ ਰੂਪ ਵਿਚ ਇਸਤਰ੍ਹਾਂ ਦਸਦੇ ਹਨ ਕਿ ਛੇਵੇਂ ਨਾਨਕ ਨੇ ਗਲਤੀ ਨਾਲ ਇਕ ਕਿਰਪਾਨ ਪਹਿਲਾਂ ਗਲਤ ਪਾਸੇ ਪਹਿਨ ਲਈ ਅਤੇ ਇਸ ਗਲਤੀ ਨੂੰ ਠੀਕ ਕਰਨ ਲਈ ਦੂਸਰੀ ਕਿਰਪਾਨ ਦੂਜੇ ਪਾਸੇ ਪਹਿਨ ਲਈ। ਅਸੀਂ ਪਹਿਲੇ ਚੈਪਟਰ ਵਿਚ ਦੇਖਿਆ ਹੈ ਕਿ ਛੇਵੇਂ ਨਾਨਕ ਜੀ ਨੂੰ ਛੋਟੀ ਉਮਰ ਵਿਚ ਹੀ ਹਥਿਆਰਾਂ ਅਤੇ ਘੋੜ-ਸਵਾਰੀ ਬਾਰੇ ਚੰਗੀ ਸਿਖਿਆ ਮਿਲ ਚੁੱਕੀ ਸੀ। ਦੋ ਤਲਵਾਰਾਂ ਪਹਿਨਣ ਲਈ ਉਹ ਪਹਿਲਾਂ ਹੀ ਤਿਆਰ ਸਨ ਅਤੇ ਜਾਣ ਬੁਝ ਕੇ ਗੁਰੂ ਜੀ ਨੇ ਇਸਤਰ੍ਹਾਂ ਕੀਤਾ ਸੀ।

ਸ਼ਕਤੀਸਾਲੀ ਘੋੜੇ ਅਤੇ ਵਧੀਆ ਹਥਿਆਰ ਲਿਆਉਣ ਬਾਰੇ ਛੇਵੇਂ ਨਾਨਕ ਜੀ ਵਲੋਂ ਦਿਤੇ ਨਿਰਦੇਸ਼ ਪਹਿਲਾ ਹੁਕਮਨਾਮਾ ਸੀ ਜੋ ਅਕਾਲ ਤਖ਼ਤ ਤੋਂ ਭੇਜਿਆ ਗਿਆ ਸੀ। ਗੁਰੂ ਜੀ ਖੁਦ ਆਪ ਵੀ ਘੋੜੇ ਅਤੇ ਹਥਿਆਰ ਲਿਆਉਂਦੇ ਸਨ ਅਤੇ ਸੈਨਕਾਂ ਵਿਚ ਵੰਡਿਆ ਕਰਦੇ ਸਨ। ਬੜੀ ਜਲਦੀ ਹੀ ਸਾਰੇ ਸੈਨਕਾ ਨੇ ਚੰਗੀ ਘੋੜ-ਸਵਾਰੀ ਸਿੱਖ ਲਈ ਅਤੇ ਹਥਿਆਰਾਂ ਦੀ ਵਰਤੋਂ ਵਿਚ ਵੀ ਪੂਰੀ ਤਰ੍ਹਾਂ ਪਰਬੀਨ ਹੋ ਗਏ।

# ੪. ਛੇਵੇਂ ਨਾਨਕ ਦੀ ਗ੍ਰਿਫ਼ਤਾਰੀ

**੧੬੧੩** (ਉਮਰ ੨੩): ੧੬੦੯ ਵਿਚ, ਛੇਵੇਂ ਨਾਨਕ ਨੇ ਗੁਰੂ ਕਾ ਚੱਕ ਵਿਚ ਇਕ ਕਿਲ੍ਹਾ ਬਨਾਉਣਾ ਸ਼ੁਰੂ ਕੀਤਾ, ਜੋ ੧੬੧੧ ਵਿਚ ਸੰਪੂਰਨ ਹੋ ਗਿਆ। ਇਹ ਕਿਲਾ ਅੱਜ ਕਲ੍ਹ ਗੁਰਦੁਆਰਾ ਲੋਹਗੜ੍ਹ ਵਜੋਂ ਜਾਣਿਆ ਜਾਂਦਾ ਹੈ। ਅਗਲੇ ਹੀ ਸਾਲ, ਸ਼ਹਿਰ ਦੇ ਆਲੇ ਦੁਆਲੇ ਇਕ ਰਖਿਅਕ ਦੀਵਾਰ ਵੀ ਬਣਵਾ ਲਈ ਗਈ।

ਲਾਹੌਰ ਦੇ ਗਵਰਨਰ ਮੁਰਤਜ਼ਾ ਖਾਨ ਨੂੰ ਪਤਾ ਚਲਿਆ ਕਿ ਗੁਰੂ ਜੀ ਨੇ ਇਕ ਫੌਜ ਬਣਾ ਲਈ ਸੀ, ਹਥਿਆਰ ਇਕੱਠੇ ਕਰ ਲਏ ਸਨ, ਸੈਨਕ ਤਿਆਰ ਕਰ ਲਏ ਸਨ, ਇਕ ਕਿਲਾ ਵੀ ਬਣਾ ਲਿਆ ਸੀ ਅਤੇ ਸ਼ਹਿਰ ਦੁਆਲੇ ਸਿਕ ਦੀਵਾਰ ਵੀ ਉਸਾਰ ਲਈ ਸੀ। ਮੁਗ਼ਲ ਕਾਜੀਆਂ ਅਤੇ ਕੱਟੜ ਹਿੰਦੂਆਂ ਨੇ ਗਵਰਨਰ ਨੂੰ ਭੜਕਾਇਆ ਕਿ ਉਹ ਛੇਵੇਂ ਨਾਨਕ ਵਿਰੁੱਧ ਕਾਰਵਾਈ ਕਰੇ। ਗਵਰਨਰ ਮੁਰਤਜ਼ਾ ਨੇ ਮੁਗ਼ਲ ਬਾਦਸ਼ਾਹ ਜਹਾਂਗੀਰ ਨੂੰ ਖਬਰ ਕੀਤੀ ਜਿਸਨੇ ਗੁਰੂ ਜੀ ਨੂੰ ਦਿੱਲੀ ਦੇ ਦਰਬਾਰ ਵਿਚ ਤੁਰੰਤ ਹਾਜ਼ਰ ਹੋਣ ਲਈ ਕਿਹਾ।

ਜਨਵਰੀ ੧੬੧੩ ਵਿਚ ਗੁਰੂ ਜੀ ਦਿੱਲੀ ਪਹੁੰਚੇ ਅਤੇ ਅੱਜ ਕਲ੍ਹ ਦੇ ਗੁਰਦੁਆਰਾ 'ਮਜਨੂੰ ਦਾ ਟਿੱਲਾ' ਵਿਚ ਠਹਿਰੇ। ਮੁਗ਼ਲ ਬਾਦਸ਼ਾਹ ਨੇ ਹੁਕਮ ਕੀਤਾ ਕਿ ਛੇਵੇਂ ਨਾਨਕ ਫੌਜੀ ਕੰਮ-ਕਾਜ ਤੁਰੰਤ ਬੰਦ ਕਰ ਦੇਣ। ਜਦ ਗੁਰੂ ਜੀ ਨੇ ਇਨਕਾਰ ਕਰ ਦਿਤਾ ਤਾਂ ਉਹਨਾਂ ਨੂੰ ਗਵਾਲਿਅਰ ਕਿਲੇ ਦੀ ਜੇਹਲ ਵਿਚ ੧੨ ਸਾਲ ਦੀ ਸਜ਼ਾ ਦੇਕੇ ਕੈਦ ਕਰ ਦਿਤਾ।ਮੁਗਲ ਬਾਦਸ਼ਾਹ ਆਮ ਰਾਜੇ ਅਤੇ ਸ਼ਹਿਜ਼ਾਦਿਆਂ ਦੇ ਰਾਜ ਭਾਗ ਖੋਹ ਕੇ ਅਤੇ ਵਿਸ਼ੇਸ ਵਿਅੱਕਤੀਆਂ ਨੂੰ ਇਸ ਕਿਲੇ ਵਿਚ ਕੈਦ ਕਰ ਕੇ ਰਖਦਾ ਸੀ।

ਗ੍ਰਿਫ਼ਤਾਰ ਹੋ ਜਾਣ ਤੇ, ਗੁਰੂ ਜੀ ਹਰ ਰੋਜ਼ ਸਵੇਰੇ ਅਤੇ ਸ਼ਾਮ ਨੂੰ ਇਸ ਕਿਲੇ ਅੰਦਰ ਸੰਗਤੀ ਸੇਵਾਵਾਂ ਕਰਦੇ ਸਨ। ਰਾਜੇ, ਜੋ ਪਹਿਲਾ ਹੀ ਕਿਲੇ ਅੰਦਰ ਕੈਦ ਭੁਗਤ ਰਹੇ ਸਨ ਅਤੇ ਕਿਲੇ ਦੇ ਕੁਝ ਹੋਰ ਕਰਮਚਾਰੀ ਵੀ ਇਸ ਅਧਿਆਤਮਿਕ ਇਕੱਠ ਦਾ ਆਨੰਦ ਮਾਨਣ ਲਗ ਪਏ। ਜਦ ਸਿੱਖਾਂ ਨੂੰ ਗੁਰੂ ਜੀ ਦੀ ਗ੍ਰਿਫ਼ਤਾਰੀ ਦਾ ਪਤਾ ਚਲਿਆ ਤਾਂ ਉਹ ਗੁਰੂ ਜੀ ਦੇ ਦਰਸਨਾਂ ਲਈ ਗਵਾਲਿਅਰ ਆਏ। ਗੁਰੂ ਜੀ ਦੇ ਦਰਸ਼ਨ ਕਰਨ ਲਈ ਕਿਸੇ ਵੀ ਸਿੱਖ ਨੂੰ ਆਗਿਆ ਨਾ ਦਿਤੀ ਗਈ। ਫਿਰ ਵੀ ਸਿੱਖਾਂ ਨੇ ਗਵਾਲਿਅਰ ਆਉਣਾ ਜਾਰੀ ਰਖਿਆ।ਅੰਮ੍ਰਿਤਸਰ ਦੇ ਸਿੱਖਾਂ ਨੂੰ ਗੁਰੂ ਜੀ ਦੇ ਦਰਸ਼ਨਾਂ ਲਈ ਕੋਈ ੪੫੦ ਮੀਲਾਂ ਦਾ ਪੈਂਡਾ ਕਰਨਾ ਪੈਂਦਾ ਸੀ। ਗੁਰੂ ਜੀਂ ਨਾ ਮਿਲ ਸਕਣ ਦੀ ਹਾਲਤ ਵਿਚ ਉਹ ਕਿਲੇ ਦੀਆਂ ਦੀਵਾਰਾਂ ਨੂੰ ਬਾਹਰੋਂ ਹੀ ਛੂਹ ਕੇ ਵਾਪਸ ਅੰਮ੍ਰਿਤਸਰ ਆ ਜਾਂਦੇ। ਮੁਗਲ ਬਾਦਸ਼ਾਹ ਨੂੰ ਸਿੱਖ ਸ਼ਰਧਾਲੂਆਂ ਦੀਆਂ ਕਾਰਜ-ਵਿਧੀਆ ਦਾ ਪਤਾ ਚਲਿਆ।

**********************

# ੫. ਬੰਦੀ ਛੋੜ ਦਿਵਸ

**੧੬੧੯** (ਉਮਰ ੨੯): ਲਾਹੌਰ ਦੇ ਗਵਰਨਰ ਮੁਰਤਜ਼ਾ ਖਾਨ ਦਾ ਦੇਹਾਂਤ ਹੋ ਗਿਆ। ਨਵਾਂ ਗਵਰਨਰ ਵਜ਼ੀਰ ਖਾਨ ਗੁਰੂ ਜੀ ਬਾਰੇ ਹਮਾਇਤੀ ਵਤੀਰਾ ਰਖਦਾ ਸੀ। (ਬਾਅਦ ਵਿਚ, ਵਜ਼ੀਰ ਖਾਨ ਸਿੱਖਾਂ ਦਾ ਕੱਟੜ ਦੁਸ਼ਮਣ ਬਣ ਗਿਆ)। ਲਾਹੌਰ ਵਿਚ ਇਕ ਮਹਾਨ ਮੁਗ਼ਲ ਸੰਤ ਪੀਰ ਮੀਆਂ ਮੀਰ ਅਤੇ ਵਜ਼ੀਰ ਖਾਨ ਨੇ ਮੁਗ਼ਲ ਬਾਦਸ਼ਾਹ ਜਹਾਂਗੀਰ ਨੂੰ ਬੇਨਤੀ ਕੀਤੀ ਕਿ ਗੁਰੂ ਜੀ ਨੂੰ ਜੇਹਲ ਵਿਚੋਂ ਰਿਹਾ ਕਰ ਦਿਤਾ ਜਾਵੇ। ਜਹਾਂਗੀਰ ਮੰਨ ਗਿਆ ਅਤੇ ਛੇਵੇਂ ਨਾਨਕ ਦੀ ਰਿਹਾਈ ਦੇ ਹੁਕਮ ਦੇ ਦਿਤੇ। ਵਜ਼ੀਰ ਖਾਨ ਨੇ ਰਿਹਾਈ ਦਾ ਹੁਕਮ ਖੁਦ ਆਕੇ ਗੁਰੂ ਜੀ ਨੂੰ ਦਿਤਾ।

ਇਹ ਸੁਣ ਕੇ ਦੂਜੇ ਸ਼ਾਹੀ ਕੈਦੀ ਉਦਾਸ ਹੋ ਗਏ ਕਿ ਗੁਰੂ ਜੀ ਜਲਦੀ ਹੀ ਗਵਾਲਿਅਰ ਦਾ ਕਿਲਾ ਛੱਡ ਜਾਣਗੇ। ਉਹ ਰਾਜੇ ਗੁਰੂ ਜੀ ਦੀ ਰੋਜ਼ਾਨਾ ਦੀ ਕਥਾ ਵਿਚ ਹਾਜ਼ਰ ਹੋਇਆ ਕਰਦੇ ਸਨ ਅਤੇ ਉਚ-ਭਾਵਨਾਵਾਂ ਵਿਚ ਉਤਸ਼ਾਹਤ ਹੋਇਆ ਕਰਦੇ ਸਨ। ਗੁਰੂ ਜੀ ਨੇ ਵਜ਼ੀਰ ਖਾਨ ਨੂੰ ਕਿਹਾ ਕਿ ਉਹ ਉਦੋਂ ਤੱਕ ਨਹੀਂ ਜਾਣਗੇ ਜਦ ਤੱਕ ਕਿ ਸਾਰੇ ਰਾਜੇ ਰਿਹਾ ਨਹੀਂ ਕਰ ਦਿਤੇ ਜਾਂਦੇ। ਵਜ਼ੀਰ ਖਾਨ ਨੇ ਇਹ ਸੂਚਨਾ ਬਾਦਸ਼ਾਹ ਜਹਾਂਗੀਰ ਨੂੰ ਦਿੱਤੀ। ਜਹਾਂਗੀਰ ਬਹੁਤ ਪ੍ਰਭਾਵਤ ਹੋਇਆ ਕਿ ਗੁਰੂ ਜੀ ਦੂਸਰਿਆਂ ਦੀ ਭਲਾਈ ਦਾ ਇਤਨਾ ਖਿਆਲ ਕਰਦੇ ਸਨ। ਉਸਨੇ ਹੁਕਮ ਦਿਤਾ ਕਿ ਉਹ ਰਾਜੇ ਜੇਹਲ ਵਿਚੋਂ ਰਿਹਾ ਕੀਤੇ ਜਾਣ ਜਿਹਨਾਂ ਨੇ ਗੁਰੂ ਜੀ ਦਾ ਪੱਲਾ ਪਕੜਿਆ ਹੋਵੇ। ਜਹਾਂਗੀਰ ਨੇ ਸੋਚਿਆ ਹੋਵੇਗਾ ਕਿ ਇਸਤਰ੍ਹਾਂ ਕਰਨ ਨਾਲ ਕੁਝ ਕੁ ਹਿੰਦੂ ਰਾਜੇ ਹੀ ਬਾਹਰ ਜਾ ਸਕਣਗੇ। ਜੇਹਲ ਦਾ ਦਰਵਾਜਾ ਤੰਗ ਸੀ ਅਤੇ ੫ ਜਾਂ ੬ ਤੋਂ ਵਧੇਰੇ ਰਾਜੇ ਗੁਰੂ ਜੀ ਦਾ ਪੱਲਾ ਨਹੀਂ ਪਕੜ ਸਕਦੇ ਸੀ।

ਗੁਰੂ ਜੀ ਨੇ ਕਿਹਾ ਕਿ ਉਹਨਾਂ ਲਈ ਇਕ ਵਿਸ਼ੇਸ ਚੋਲਾ ਤਿਆਰ ਕੀਤਾ ਜਾਵੇ ਜਿਸ ਨਾਲ ੫੨ ਲੰਬੀਆਂ ਲੜੀਆਂ ਹੋਣ। ਹਰੇਕ ਕੈਦੀ ਰਾਜੇ ਨੇ ਇਕ ਇਕ ਲੜੀ ਨੂੰ ਪਕੜ ਲਿਆ ਅਤੇ ਗੁਰੂ ਜੀ ਦੇ ਨਾਲ ਹੀ ਕਿਲੇ ਵਿਚੋਂ ਬਾਹਰ ਆ ਗਏ। ਇਸਤਰ੍ਹਾਂ ਕਰਨ ਨਾਲ, ਗੁਰੂ ਜੀ ਨੂੰ ਸਤਿਕਾਰ ਸਹਿਤ 'ਬੰਦੀ ਛੋੜ ਬਾਬਾ' (ਕੈਦੀਆਂ ਦਾ ਛੁਡਾਵਾ) ਕਿਹਾ ਜਾਣ ਲਗ ਪਿਆ। ਉਹਨਾਂ ਨੂੰ ਅੱਜ ਵੀ ਇਸ ਨਾਮ ਨਾਲ ਯਾਦ ਕੀਤਾ ਜਾਦਾ ਹੈ। ਰਿਹਾ ਹੋਣ ਵਾਲਿਆਂ ਵਿਚ ਪੰਜਾਬ ਦੇ ਕਈ ਪਹਾੜੀ ਰਾਜੇ ਅਤੇ ਸ਼ਹਿਜ਼ਾਦੇ ਸਨ। ਗੁਰੂ ਜੀ ਦੀ ਰਿਹਾਈ ਅਕਤੂਬਰ ੨੬, ੧੬੧੯ ਵਾਲੇ ਦਿਨ ਹੋਈ। ਗੁਰੂ ਜੀ ਨੇ ਗਵਾਲਿਅਰ ਕਿਲੇ ਦੀ ਜੇਹਲ ਵਿਚ ਛੇ ਸਾਲ ਬਿਤਾਏ ਸਨ।

ਗਵਾਲਿਅਰ ਦੇ ਕਿਲੇ ਵਿਚ ਗੁਰੂ ਜੀ ਦੀ ਸਜ਼ਾ ਦੀ ਮਿਆਦ ਬਾਰੇ ਵੱਖ ਵੱਖ ਖਿਆਲ ਹਨ। ਸਭ ਤੋਂ ਵੱਧ ਮੰਨਣ ਵਿਚ ਆਉਣ ਵਾਲਾ ਸਮਾਂ ੧੬੦੯ ਤੋਂ ੧੬੧੨ ਤੱਕ ਦਾ ਤਿੰਨ ਸਾਲਾਂ ਦਾ ਸਮਾਂ ਮੰਨਿਆ ਜਾਂਦਾ ਹੈ। sgpc.net

ਗੁਰੂ ਜੀ ਦੀਵਾਲੀ ਦੇ ਦਿਨ ਅੰਮ੍ਰਿਤਸਰ ਪਹੁੰਚੇ, ਜੋ ਹਿੰਦੂਆ ਦਾ ਵਿਸ਼ੇਸ ਤਿਓਹਾਰ ਹੈ। ਗਵਾਲਿਅਰ ਕਿਲੇ ਦੀ ਜੇਹਲ ਤੋਂ ਵਾਪਸ ਆਉਣਾ ਬਹੁਤ ਮਹੱਤਵ ਪੂਰਣ ਅਤੇ ਖ਼ੁਸ਼ੀਆਂ ਨਾਲ ਭਰਪੂਰ ਮੌਕਾ ਸੀ। ਕਿਹਾ

ਜਾਂਦਾ ਹੈ ਕਿ ਬਾਬਾ ਬੁੱਢਾ ਜੀ ਨੇ ਅੰਮ੍ਰਿਤਸਰ ਦੇ ਸ਼ਹਿਰ ਨੂੰ ਬੱਤੀਆਂ ਅਤੇ ਦੀਵਿਆਂ ਨਾਲ ਜਗਮਗਾ ਦਿਤਾ। ਸਿੱਖਾਂ ਨੇ ਇਸ ਮੌਕੇ ਨੂੰ ਬਹੁਤ ਉਤਸ਼ਾਹ ਨਾਲ ਮਨਾਇਆ। ਦੁਨੀਆਂ ਦੇ ਸਾਰੇ ਸਿੱਖ ਇਸ ਦਿਨ ਨੂੰ 'ਬੰਦੀ ਛੋੜ ਦਿਵਸ' (ਮੁਕਤੀ ਦਾ ਦਿਨ) ਵਜੋਂ ਮਨਾਦੇ ਹਨ।

***ਨੋਟ:*** *ਦੀਵਾਲੀ ਹਿੰਦੂਆਂ ਦਾ ਇਕ ਪੁਰਾਤਨ ਤਿਓਹਾਰ ਹੈ। ਇਸ ਨੂੰ 'ਰੌਸ਼ਨੀ ਦਾ ਤਿਓਹਾਰ' ਵੀ ਕਿਹਾ ਜਾਂਦਾ ਹੈ। ਹਿੰਦੂ ਮਿਥਿਹਾਸ ਦੇ ਅਨੁਸਾਰ, ਪਹਿਲੀ ਵਾਰ ਇਹ ਤਿਓਹਾਰ ਉਦੋਂ ਮਨਾਇਆ ਗਿਆ ਸੀ ਜਦੋਂ ਸ੍ਰੀ ਰਾਮ ਚੰਦਰ ਜੀ ੧੪ ਸਾਲ ਦਾ ਬਨਬਾਸ ਕੱਟ ਕੇ ਵਾਪਸ ਅਯੁਧਿਆ ਆਏ ਸਨ। ਰਾਮ ਚੰਦਰ ਜੀ ਨੇ ਬਨਬਾਸ ਦੇ ਦੌਰਾਨ ਦੈਂਤ ਰਾਵਣ ਨੂੰ ਹਰਾਇਆ ਸੀ। ਅਯੁਧਿਆ ਦੇ ਲੋਕਾਂ ਨੇ ਦੀਪਾਵਲੀ ਅਤੇ ਆਤਸ਼ਬਾਜ਼ੀ ਨਾਲ ਰਾਮ ਚੰਦਰ ਜੀ ਦੇ ਆਉਣ ਦਾ ਸਵਾਗਤ ਕੀਤਾ ਸੀ।*

**************

# ੬. ਕੀਰਤਪੁਰ ਦੀ ਸਥਾਪਨਾ ਕਰਨਾ

**੧੬੨੪** (ਉਮਰ ੩੪ ਸਾਲ): ਬਿਲਾਸਪੁਰ ਦੇ ਰਾਜਾ ਕਲਿਆਣ ਚੰਦ ਨੇ ਗੁਰੂ ਜੀ ਪਾਸ ਬੇਨਤੀ ਕੀਤੀ ਕਿ ਉਹ ਉਸਦੇ ਰਾਜ ਵਿਚ ਆਪਣਾ ਮੁੱਖ ਸਥਾਨ ਸਥਾਪਤ ਕਰਨ। ਇਸ ਮੰਤਵ ਲਈ ਕਲਿਆਣ ਚੰਦ ਨੇ ਜ਼ਮੀਨ ਭੇਟਾ ਕਰਨੀ ਚਾਹੀ। ਗੁਰੂ ਜੀ ਪਹਿਲਾਂ ਹੀ ਜ਼ਮੀਨ ਦੇ ਕਿਸੇ ਟੁਕੜੇ ਦੀ ਭਾਲ ਵਿਚ ਸਨ ਜਿਥੇ ਕੋਈ ਢੁਕਵੀਂ ਗੜ੍ਹੀ ਬਣਾਈ ਜਾ ਸਕੇ। ਗੁਰੂ ਜੀ ਨੇ ਆਪਣਾ ਮੁੱਖ ਟਿਕਾਣਾ ਬਨਾਉਣਾ ਮੰਨ ਲਿਆ ਪ੍ਰੰਤੂ ਉਹ ਇਹ ਜ਼ਮੀਨ ਮੁਫ਼ਤ ਨਹੀਂ ਲੈਣਾ ਚਾਹੁੰਦੇ ਸਨ। ਗੁਰੂ ਜੀ ਨੇ ਇਸ ਗੱਲ ਤੇ ਜ਼ੋਰ ਦਿਤਾ ਅਤੇ ਜ਼ਮੀਨ ਦੀ ਕੀਮਤ ਚੁਕਾ ਦਿਤੀ।

ਗੁਰੂ ਜੀ ਨੇ ਇਕ ਨਵਾਂ ਸ਼ਹਿਰ ਵਸਾਉਣ ਬਾਰੇ ਆਪਣੇ ਵੱਡੇ ਸਪੁੱਤਰ ਗੁਰਦਿੱਤਾ ਨੂੰ ਕਿਹਾ। ਇਸ ਦਾ ਨੀਂਹ ਪੱਥਰ ਮਈ ੧, ੧੬੨੪ ਵਾਲੇ ਦਿਨ ਰਖਿਆ ਗਿਆ ਅਤੇ ਇਸਦਾ ਨਾਮ ਕੀਰਤਪੁਰ ਰਖਿਆ ਗਿਆ। ਬਾਬਾ ਗੁਰਦਿੱਤਾ ਨੇ ਉਥੇ ਰਹਿਣਾ ਸ਼ੁਰੂ ਕੀਤਾ।

ਉਸੇ ਸਮੇਂ ਦੌਰਾਨ, ਗੁਰੂ ਜੀ ਨੇ 'ਗੁਰੂ ਕਾ ਚੱਕ' (ਅੰਮ੍ਰਿਤਸਰ) ਵਿਚ ਹੀ ਰਹਿਣਾ ਜਾਰੀ ਰਖਿਆ। ੧੬੨੮ ਵਿਚ, ਗੁਰੂ ਜੀ ਨੇ ਗੁਰਦਵਾਰੇ ਦੇ ਨੇੜੇ ਹੀ ਇਕ ਨਵਾਂ ਸਰੋਵਰ, ਬਿਬੇਕ ਸਰ, ਬਣਵਾਇਆ ਤਾਕਿ 'ਗੁਰੂ ਦਾ ਚੱਕ' ਵਿਚ ਵੱਧ ਰਹੀ ਆਬਾਦੀ ਦੀਆਂ ਲੋੜਾਂ ਦੀ ਪੂਰਤੀ ਹੋ ਸਕੇ।

ਜਨਵਰੀ ੧੬, ੧੬੩੦ ਨੂੰ ਕੀਰਤ ਪੁਰ ਵਿਚ ਬਾਬਾ ਗੁਰਦਿੱਤਾ ਦੇ ਘਰ ਦੂਜੇ ਸਪੁਤਰ ਹਰਿ ਰਾਏ (ਬਾਅਦ ਵਿਚ ਸਤਵੇਂ ਨਾਨਕ) ਦਾ ਜਨਮ ਹੋਇਆ।

# ੭. ਸਿੱਖਾਂ ਦੀਆਂ ਪੰਜ ਜੰਗਾਂ

## *ਪਹਿਲੀ ਜੰਗ* (੧੬੨੧)

ਪੰਜਵੇਂ ਨਾਨਕ ਨੇ ਗੋਬਿੰਦਪੁਰ (ਹੁਣ ਹਰਿਗੋਬਿੰਦ ਪੁਰ) ਦੀ ਸਥਾਪਨਾ ਕੀਤੀ, ਜਿਥੇ ਦਰਿਆ ਬਿਆਸ ਦੇ ਕੰਢੇ ਪਿੰਡ ਰੁਹੇਲਾ ਹੁੰਦਾ ਸੀ। ਛੇਵੇਂ ਨਾਨਕ ਦੀ ਗ੍ਰਿਫ਼ਤਾਰੀ ਤੋਂ ਬਾਅਦ, ਚੰਦੂ ਨੇ ਗੋਬਿੰਦਪੁਰ ਤੇ ਕਬਜ਼ਾ ਕਰ ਲਿਆ। ੧੬੨੦ ਵਿਚ ਚੰਦੂ ਦਾ ਦੇਹਾਂਤ ਹੋ ਗਿਆ, ਅਤੇ ਉਸਦਾ ਪੁੱਤਰ ਕਰਮ ਚੰਦ ਉਥੇ ਰਹਿਣ ਲਗ ਪਿਆ। ੧੬੧੯ ਵਿਚ ਗਵਾਲਿਅਰ ਕਿਲੇ ਦੀ ਜੇਹਲ ਵਿਚੋਂ ਰਿਹਾਅ ਹੋਣ ਤੋਂ ਬਾਅਦ, ਛੇਵੇਂ ਨਾਨਕ ਨੇ ਫ਼ੈਸਲਾ ਕੀਤਾ ਕਿ ਗੋਬਿੰਦਪੁਰ ਨੂੰ ਕਬਜ਼ੇ ਵਿਚ ਲੈ ਲਿਆ ਜਾਵੇ। ਗੁਰੂ ਜੀ ਨੂੰ ਕਬਜ਼ਾ ਵਾਪਸ ਮੋੜਨ ਦੀ ਬਜਾਏ, ਕਰਮ ਚੰਦ ਨੇ ਕੁਝ ਲੋਕ ਇਕੱਠੇ ਕੀਤੇ ਅਤੇ ਸਿੱਖਾਂ ਉੱਪਰ ਹਮਲਾ ਬੋਲ ਦਿਤਾ। ਸਿੱਖਾਂ ਨੇ ਕਰਮ ਚੰਦ ਅਤੇ ਉਸਦੇ ਲੋਕਾਂ ਨੂੰ ਹਰਾ ਕੇ ਕੁਚਲ ਦਿੱਤਾ।

ਕਰਮ ਚੰਦ ਨੇ ਸਥਾਨਕ ਪੁਲੀਸ ਮੁਖੀ ਨੂੰ ਵੱਡੀ ਰਕਮ ਦੇ ਕੇ ਮਦਦ ਲਈ ਬੇਨਤੀ ਕੀਤੀ। ਪੁਲੀਸ ਮੁਖੀ ਨੇ ਕਰਮ ਚੰਦ ਦੀ ਮਦਦ ਕਰਨ ਲਈ ਮੁਗ਼ਲ ਫੌਜਾਂ ਭੇਜੀਆਂ। ਮੁਗ਼ਲ ਫੌਜਾਂ ਰੁਹੇਲਾ ਪਹੁੰਚੀਆਂ ਅਤੇ ਸਿੱਖਾਂ ਨਾਲ ਇਕ ਜ਼ਬਰਦਸਤ ਜੰਗ ਕੀਤੀ। ਜੰਗ ਵਿੱਚ ਕਰਮ ਚੰਦ, ਉਸਦੇ ਹੋਰ ਵੀ ਬਹੁਤ ਸਾਰੇ ਅਫ਼ਸਰ ਅਤੇ ਮੁਗ਼ਲ ਸੈਨਕ ਮਾਰੇ ਗਏ। ਕਰਮ ਚੰਦ ਦੇ ਹਾਰੇ ਆਦਮੀ ਅਤੇ ਮੁਗ਼ਲ ਸੈਨਕ ਮੈਦਾਨ ਛੱਡ ਕੇ ਦੌੜ ਗਏ।

ਉਸ ਜੰਗ ਤੋਂ ੧੫ ਦਿਨ ਬਾਅਦ, ਛੇਵੇਂ ਨਾਨਕ ਦੇ ਘਰ ਇਕ ਪੁੱਤਰ ਪੈਦਾ ਹੋਇਆ। ਸਿੱਖ ਯੋਧਿਆਂ ਦੀ ਜਿੱਤ ਦੀ ਖ਼ੁਸ਼ੀ ਵਿਚ ਗੁਰੂ ਜੀ ਨੇ ਆਪਣੇ ਪੁੱਤਰ ਦਾ ਨਾਮ ਤੇਗ਼ ਬਹਾਦਰ (ਤੇਗ਼ ਦਾ ਧਨੀ) ਰਖਿਆ।

## *ਦੂਜੀ ਜੰਗ* (ਅਪ੍ਰੈਲ ੧੬੩੪)

੧੬੩੩ ਦੇ ਅੰਤ ਤੱਕ, ਮੁਗ਼ਲ ਬਾਦਸ਼ਾਹ ਸ਼ਾਹ ਜਹਾਨ ਨੇ ਗੈਰ-ਮੁਸਲਮਾਨਾਂ ਤੇ ਟੈਕਸ ਲਗਾ ਦਿਤਾ ਸੀ ਅਤੇ ਉਹਨਾਂ ਕੁਝ ਮੰਦਰਾਂ ਨੂੰ ਵੀ ਢਹਿ ਢੇਰੀ ਕਰ ਦਿਤਾ। ਉਸਨੇ ਲਾਹੋਰ ਵਿਚ ਇਕ ਗੁਰਦੁਆਰਾ ਵੀ ਤਬਾਹ ਕਰ ਦਿਤਾ ਅਤੇ ਪਾਣੀ ਦੀ ਬਾਉਲੀ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਜਦ ਗੁਰੂ ਜੀ ਨੂੰ ਇਹ ਖ਼ਬਰ ਮਿਲੀ, ਉਹ ਉਸ ਵੇਲੇ ਆਪਣੀ ਬੇਟੀ ਵੀਰੋਂ ਦੀ ਸ਼ਾਦੀ ਵਿਚ ਰੁੱਝੇ ਹੋਏ ਸਨ। ਉਹ ਸ਼ਾਦੀ ਅਪ੍ਰੈਲ ੧੬, ੧੬੩੪ ਨੂੰ ਹੋਣੀ ਸੀ। .

ਸ਼ਾਦੀ ਤੋਂ ਇਕ ਦਿਨ ਪਹਿਲਾਂ, ਮੁਗ਼ਲ ਫ਼ੌਜਾਂ ਨੇ ਸ਼ਹਿਰ ਤੇ ਹਮਲਾ ਕਰ ਦਿਤਾ। ਸ਼ਹਿਰ 'ਗੁਰੂ ਕਾ ਚੱਕ'(ਅੰਮ੍ਰਿਤਸਰ) ਤੇ ਕਬਜ਼ਾ ਕਰਨ ਲਈ ਮੁਗ਼ਲ ਫ਼ੌਜ ਦੀ ਇਕ ਸੈਨਾ ਦੱਲ ਲਾਹੌਰ ਤੋਂ ਭੇਜੀ ਗਈ। ਸਿੱਖ ਫ਼ੌਜ ਦੀ ਇਕ ਟੁਕੜੀ ਗੁਰੂ ਜੀ ਅਤੇ ਉਹਨਾਂ ਦੇ ਪਰਵਾਰ ਨੂੰ ਇਕ ਨੇੜਲੇ ਪਿੰਡ ਤੱਕ ਬਚਾ ਕੇ ਲੈ ਗਏ। ਸ਼ਹਿਰ ਦੀ ਰਖਵਾਲੀ ਲਈ ਬਾਕੀ ਸਿੱਖ ਫ਼ੌਜਾਂ ਨੇ ਹਥਿਆਰ ਚੁੱਕ ਲਏ। ਘਮਸਾਨ

ਦੇ ਯੁੱਧ ਵਿਚ, ਕੁਝ ਸਿੱਖ ਮਾਰੇ ਗਏ। ਪਰ ਮੁਗ਼ਲ ਫ਼ੌਜਾਂ ਦਾ ਬਹੁਤ ਭਾਰੀ ਨੁਕਸਾਨ ਹੋਇਆ, ਜਿਸ ਵਿਚ ਮੁਗ਼ਲ ਫ਼ੌਜਾਂ ਦਾ ਮੁਖੀ ਮੁਰਤਜ਼ਾ ਖਾਨ ਵੀ ਮਾਰਿਆ ਗਿਆ।

## *ਤੀਜੀ ਜੰਗ* (ਦਸੰਬਰ ੧੬, ੧੬੩੪)

ਗੁਰੂ ਜੀ ਨੇ ਜੁਲਾਈ ਤੋਂ ਅਕਤੂਬਰ ਤੱਕ ਚਾਰ ਮਹੀਨੇ ਜਲੰਧਰ ਸ਼ਹਿਰ ਦੇ ਨੇੜੇ ਕੀਰਤਪੁਰ ਵਿਚ ਬਿਤਾਏ। ਨਵੰਬਰ ਵਿਚ, ਗੁਰੂ ਜੀ ਇਕ ਮਿਸ਼ਨਰੀ ਯਾਤਰਾ ਤੇ ਮੁਲਤਾਨ ਵੱਲ ਗਏ। ਕਈ ਸਿੱਖ ਸੈਨਕ ਗੁਰੂ ਜੀ ਦੇ ਨਾਲ ਗਏ। ਜਦ ਮੁਲਤਾਨ ਦੇ ਗਵਰਨਰ ਨੂੰ ਗੁਰੂ ਜੀ ਅਤੇ ਉਹਨਾਂ ਦੀ ਫ਼ੌਜ ਬਾਰੇ ਪਤਾ ਲੱਗਾ ਤਾਂ ਉਸਨੇ ਲੱਲਾ ਬੇਗ਼ ਅਤੇ ਕਮਰ ਬੇਗ਼ ਦੀ ਕਮਾਂਡ ਹੇਠ ਸੈਨਕਾਂ ਦੀ ਇਕ ਬਹੁਤ ਵੱਡੀ ਟੁਕੜੀ ਭੇਜੀ। ਘਮਸਾਨ ਯੁੱਧ ਹੋਇਆ। ਹਮਲਾਵਰ ਫ਼ੌਜ ਦੇ ਬਹੁਤ ਸਾਰੇ ਸੈਨਕ ਜਰਨੈਲਾਂ ਸਮੇਤ ਮਾਰੇ ਗਏ। ਬਹੁਤ ਸਾਰੇ ਸਿੱਖਾਂ ਦੀਆਂ ਵੀ ਜਾਨਾਂ ਗਈਆਂ।

ਮੁਲਤਾਨ ਦੀ ਮਿਸ਼ਨਰੀ ਯਾਤਰਾ ਪੂਰੀ ਕਰਨ ਤੋਂ ਬਾਅਦ, ਗੁਰੂ ਜੀ ਆਪਣੇ ਸੈਨਕਾਂ ਸਮੇਤ ਜਲੰਧਰ ਚਲੇ ਗਏ ਅਤੇ ਉਥੇ ਸੰਗਤਾਂ ਲਈ ਨਿਯਮਿਤ ਰੂਪ ਵਿੱਚ ਦੀਵਾਨ ਲਗਾਏ ।

## *ਚੌਥੀ ਜੰਗ* (ਅਪ੍ਰੈਲ ੨੬, ੧੬੩੫)

ਇਕ ਪਠਾਨ ਜਰਨੈਲ ਪੈਂਦਾ ਖਾਨ ਅਤੇ ਉਸਦੇ ਸਾਥੀ ਗੁਰੂ ਜੀ ਦੀ ਫ਼ੌਜ ਵਿਚ ਸੰਮਿਲਿਤ ਹੋ ਗਏ। ਉਸਦਾ ਜਵਾਈ ਵੀ ਸਾਥੀਆਂ ਦੇ ਨਾਲ ਹੀ ਗੁਰੂ ਜੀ ਦੀ ਸੇਵਾ ਵਿਚ ਆ ਗਿਆ। ਜਵਾਈ ਨੇ ਗੁਰੂ ਜੀ ਦੀਆਂ ਕੁਝ ਵਸਤਾਂ ਚੁਰਾ ਲਈਆਂ। ਜਦ ਵਸਤਾਂ ਵਾਪਸ ਕਰਨ ਲਈ ਪੁਛਿਆ ਗਿਆ, ਤਾਂ ਉਸ ਨੇ ਇਨਕਾਰ ਕਰ ਦਿਤਾ। ਪੈਂਦਾ ਖਾਨ ਨੇ ਆਪਣੇ ਜਵਾਈ ਦਾ ਕਸੂਰ ਮੰਨਣ ਅਤੇ ਮੁਆਫ਼ੀ ਮੰਗਣ ਦੀ ਬਜਾਏ ਜਵਾਈ ਦਾ ਪੱਖ ਲਿਆ। ਗੁਰੂ ਜੀ ਨੇ ਦੋਨਾਂ ਨੂੰ ਹੀ ਕੱਢ ਦਿਤਾ।

ਪੈਂਦਾ ਖਾਨ, ਉਸਦਾ ਜਵਾਈ ਅਤੇ ਬਾਕੀ ਸਾਰੇ ਸਾਥੀ ਜਲੰਧਰ ਦੇ ਮੁਗ਼ਲ ਕਮਾਂਡਰ ਪਾਸ ਗਏ ਅਤੇ ਗੁਰੂ ਜੀ ਦਾ ਖਜ਼ਾਨਾ ਲੁੱਟਣ ਲਈ ਉਕਸਾਇਆ। ਮੁਗ਼ਲ ਕਮਾਂਡਰ ਨੇ ਪੈਂਦਾ ਖਾਨ ਦੇ ਨਾਲ ਮਿਲਕੇ ਕਰਤਾਰਪੁਰ ਤੇ ਹਮਲਾ ਕਰਨਾ ਮੰਨ ਲਿਆ। ਪਠਾਣ ਅਤੇ ਮੁਗ਼ਲਾਂ ਦੀਆਂ ਫ਼ੌਜਾਂ ਨੇ ਮਿਲ ਕੇ ੨੬ ਅਪ੍ਰੈਲ, ੧੬੩੫ ਨੂੰ ਕਰਤਾਰਪੁਰ ਤੇ ਹਮਲਾ ਕਰ ਦਿਤਾ। ਤਿੰਨ ਦਿਨ ਜੰਗ ਚਲਦਾ ਰਿਹਾ। ਪਠਾਣ ਅਤੇ ਮੁਗ਼ਲ ਫ਼ੌਜਾਂ ਦਾ ਬਹੁਤ ਨੁਕਸਾਨ ਹੋਇਆ। ਪੈਂਦਾ ਖਾਨ, ਉਸਦਾ ਜਵਾਈ ਅਤੇ ਮੁਗ਼ਲ ਕਮਾਂਡਰ ਜੰਗ ਵਿਚ ਮਾਰੇ ਗਏ। ਬਾਕੀ ਦੀ ਫ਼ੌਜ ਉਥੋਂ ਦੌੜ ਗਈ। ਬਹੁਤ ਸਾਰੇ ਸਿੱਖ ਸੈਨਕ ਵੀ ਆਪਣੀਆਂ ਜਾਨਾਂ ਗੁਆ ਬੈਠੇ।

## *ਪੰਜਵੀਂ ਜੰਗ* (ਅਪ੍ਰੈਲ ੨੯, ੧੬੩੫)

ਕਰਤਾਰਪੁਰ ਦੀ ਜੰਗ (ਅਪ੍ਰੈਲ ੨੬, ੧੬੩੫) ਤੋਂ ਬਾਅਦ, ਗੁਰੂ ਜੀ ਆਪਣੀ ਫ਼ੌਜ ਸਮੇਤ, ਕੀਰਤਪੁਰ ਵੱਲ ਨੂੰ ਚੱਲ ਪਏ ਜਿਸਦਾ ਉਦਘਾਟਨ ਗੁਰੂ ਜੀ ਨੇ ੧੬੨੪ ਵਿਚ ਕੀਤਾ ਸੀ। ਕੀਰਤਪੁਰ ਵੱਲ ਜਾਂਦਿਆਂ

ਹੋਇਆਂ, ਜਦ ਉਹ ੨੯ ਅਪ੍ਰੈਲ, ੧੬੩੫ ਨੂੰ ਫਗਵਾੜਾ ਨਗਰ ਦੇ ਨੇੜੇ ਪਿੰਡ ਪਲਾਹੀ ਪਹੁੰਚੇ ਤਾਂ ਸਥਾਨਕ ਮੁਗ਼ਲ ਫ਼ੌਜ ਨੇ ਅਚਾਨਕ ਹੀ ਉਹਨਾਂ ਤੇ ਹਮਲਾ ਕਰ ਦਿਤਾ। ਕਰਤਾਰਪੁਰ ਦੀ ਜੰਗ ਤੋਂ ਬਾਅਦ ਸਿੱਖ ਸੈਨਕ ਥੱਕ ਚੁੱਕੇ ਸਨ, ਪਰ ਉਹਨਾਂ ਨੇ ਬੜੀ ਬਹਾਦਰੀ ਨਾਲ ਮੁਗ਼ਲ ਫ਼ੌਜ ਦੇ ਆਕਰਮਣਸ਼ੀਲ ਹਮਲੇ ਵਿਰੁੱਧ ਆਪਣੀ ਰਖਿਆ ਕੀਤੀ। ਘਮਸਾਨ ਯੁੱਧ ਵਿੱਚ ਮੁਗ਼ਲ ਫ਼ੌਜਾਂ ਦਾ ਭਾਰੀ ਨੁਕਸਾਨ ਹੋਇਆ ਅਤੇ ਉਹ ਜੰਗ ਦਾ ਮੈਦਾਨ ਛੱਡ ਕੇ ਚਲੇ ਗਏ। ਗੁਰੂ ਜੀ ਦੀ ਫ਼ੌਜ ਦੇ ਵੀ ਬਹੁਤ ਸਾਰੇ ਸੈਨਕ ਆਪਣੀਆਂ ਜਾਨਾਂ ਗੁਆ ਬੈਠੇ।

********************

# ੮. ਕੀਰਤਪੁਰ ਅਤੇ ਜੋਤੀ ਜੋਤ ਸਮਾਉਣਾ

**੧੬੩੫-੧੬੪੪** (ਉਮਰ ੪੫-੫੪): ਛੇਵੇਂ ਨਾਨਕ, ਗੁਰੂ ਹਰਿਗੋਬਿੰਦ ਜੀ ੧੬੩੫ ਵਿਚ ਕੀਰਤਪੁਰ ਪਹੁੰਚੇ। ਕੀਰਤਪੁਰ ਸਿੱਖਾਂ ਦਾ ਮੁੱਖ ਕੇਂਦਰ ਬਣ ਗਿਆ। ਪਹਾੜੀ ਰਿਆਸਤਾਂ ਦੇ ਬਹੁਤੇ ਰਾਜਿਆਂ ਨੇ ਵੀ ਉਥੇ ਆਉਣਾ ਜਾਣਾ ਸ਼ੁਰੂ ਕਰ ਦਿਤਾ। ਉਹ ਚਾਹੁੰਦੇ ਸਨ ਕਿ ਮੁਗ਼ਲ ਸ਼ਾਸਕਾਂ ਵਲੋਂ ਉਹਨਾਂ ਤੇ ਹਮਲਾ ਕਰਨ ਦੀ ਸੂਰਤ ਵਿਚ ਸਿੱਖ ਉਹਨਾਂ ਦੀ ਰਖਿਆ ਕਰਨ। ਨਾਲ ਹੀ, ਗੁਰੂ ਜੀ ਨੇ ਗੋਇੰਦਵਾਲ, ਗੁਰੂ-ਕਾ-ਚੱਕ ਅਤੇ ਲਾਹੌਰ ਦੇ ਮਿਸ਼ਨਰੀ ਦੌਰੇ ਸ਼ੁਰੂ ਕੀਤੇ। ਕੀਰਤਪੁਰ ਵਿਚ ਰਹਿਣ ਦੇ ਸਮੇਂ, ਗੁਰੂ ਜੀ ਨੂੰ ਕੁਝ ਪ੍ਰਮੁੱਖ ਸਿੱਖਾਂ ਅਤੇ ਹੋਰ ਆਗੂਆਂ ਦੇ ਅਕਾਲ ਚਲਾਣੇ ਬਾਰੇ ਪਤਾ ਲੱਗਾ ਅਤੇ ਗੁਰੂ ਜੀ ਨੇ ਵਾਹਿਗੁਰੂ ਦਾ ਭਾਣਾ ਮਿੱਠਾ ਕਰਕੇ ਮੰਨਿਆ। ਇਹ ਪ੍ਰਮੁੱਖ ਸਿੱਖ ਅਤੇ ਆਗੂ ਇਸਤਰ੍ਹਾਂ ਹਨ:

## ਪੀਰ ਮੀਆਂ ਮੀਰ, ਅਗਸਤ ੧੧, ੧੬੩੫

ਮੀਆਂ ਮੀਰ ਇਕ ਪ੍ਰਸਿੱਧ ਮੁਸਲਿਮ ਸੂਫ਼ੀ ਸੰਤ ਸੀ ਜੋ ਬੇਗ਼ਮਪੁਰਾ, ਲਾਹੌਰ ਵਿਚ ਰਹਿੰਦਾ ਸੀ। ਇਹ ਜਗਹ ਅੱਜ ਕਲ੍ਹ ਪਾਕਿਸਤਾਨ ਵਿੱਚ ਹੈ। ਉਸਦਾ ਜਨਮ ੧੫੫੦ ਵਿਚ ਹੋਇਆ ਸੀ। ਆਪਣੇ ਜੀਵਨ ਦਾ ਬਹੁਤਾ ਸਮਾਂ ਉਸਨੇ ਲਾਹੌਰ ਦੇ ਇਰਦ ਗਿਰਦ ਬਿਤਾਇਆ। ਪੰਜਵੇਂ ਨਾਨਕ ਗੁਰੂ ਅਰਜਨ ਜੀ ਦਾ ਨਜ਼ਦੀਕੀ ਸਨੇਹੀ ਹੋਣ ਕਰਕੇ ਉਸਨੂੰ ਹਰਿਮੰਦਰ ਸਾਹਿਬ ਦਾ ਨੀਂਹ-ਪੱਥਰ ਰੱਖਣ ਲਈ ਸਦਿਆ ਗਿਆ। ਮੀਆਂ ਮੀਰ ਨੇ ਗੁਰੂ ਅਰਜਨ ਦੀ ਸ਼ਹੀਦੀ ਦਾ ਸੋਗ ਮਨਾਉਂਦਿਆਂ ਆਵਾਜ਼ ਉਠਾਈ। ਉਸਦਾ ਬਹੁਤ ਪ੍ਰਸਿੱਧ ਚੇਲਾ ਦਾਰਾ ਸ਼ਿਕੋਹ ਸੀ ਜੋ ਮੁਗ਼ਲ ਬਾਦਸ਼ਾਹ ਸ਼ਾਹ ਜਹਾਨ ਦਾ ਵੱਡਾ ਬੇਟਾ ਸੀ। ਦਾਰਾ ਸ਼ਿਕੋਹ ਨੇ ਮੀਆਂ ਮੀਰ ਦੀ ਕਬਰ ਤੇ ਇਕ ਵੱਡਾ ਮਕਬਰਾ ਬਣਵਾਇਆ ਜੋ ਅੱਜ ਕਲ੍ਹ ਵੀ ਮੌਜੂਦ ਹੈ। ਅੱਜ ਤੱਕ ਵੀ, ਸਿੱਖਾਂ ਦਾ ਮੀਆਂ ਮੀਰ ਪ੍ਰਤੀ ਬਹੁਤ ਸਤਿਕਾਰ ਹੈ। ਉਹ ਸਾਰੇ ਧਰਮਾਂ ਦਾ ਸਤਿਕਾਰ ਕਰਦਾ ਸੀ ਅਤੇ ਗੁਰੂ ਨਾਨਕ ਦੇ ਸ਼ਰਧਾਲੂਆਂ ਨਾਲ ਗਹਿਰਾ ਪਿਆਰ ਰਖਦਾ ਸੀ।

## ਭਾਈ ਗੁਰਦਾਸ, ਅਗਸਤ ੨੫, ੧੬੩੬

ਭਾਈ ਗੁਰਦਾਸ ਜੀ ਦਾ ਜਨਮ ਪੰਜਾਬ ਵਿਖੇ ਗੋਇੰਦਵਾਲ ਵਿਚ ੧੫੫੧ ਵਿਚ ਹੋਇਆ। ਉਹ ਤੀਜੇ ਨਾਨਕ ਦੇ ਭਾਣਜਾ ਸਨ। ੧੨ ਸਾਲ ਦੀ ਉਮਰ ਵਿਚ ਯਤੀਮ ਹੋ ਜਾਣ ਤੋਂ ਬਾਅਦ, ਗੁਰੂ ਅਮਰਦਾਸ ਜੀ ਨੇ ਉਹਨਾਂ ਨੂੰ ਅਪਣਾਅ ਲਿਆ। ਉਹਨਾਂ ਨੇ ਸੰਸਕ੍ਰਿਤ, ਬ੍ਰਿਜ ਭਾਸ਼ਾ, ਫ਼ਾਰਸੀ, ਪੰਜਾਬੀ ਅਤੇ ਹਿੰਦੂ ਗ੍ਰੰਥਾਂ ਦਾ ਅਧਿਯਨ ਕੀਤਾ। ਮਾਤਾ ਭਾਨੀ ਜੀ ਦੇ ਉਹ ਪਹਿਲੇ ਮਾਮਾ-ਪੁੱਤਰ ਭਰਾਤਾ ਸਨ ਅਤੇ ਮਾਤਾ ਭਾਨੀ ਜੀ ਪੰਜਵੇਂ ਨਾਨਕ ਦੇ ਮਾਤਾ ਜੀ ਸਨ। ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਸਮਾ ਜਾਣ ਤੋਂ ਬਾਅਦ, ਉਹਨਾਂ ਦੇ ਉਤਰਾਧਿਕਾਰੀ ਗੁਰੂ ਰਾਮਦਾਸ ਜੀ ਨੇ ਭਾਈ ਗੁਰਦਾਸ ਜੀ ਨੂੰ ਸਿੱਖ ਮਿਸ਼ਨਰੀ ਵਜੋਂ ਨਿਯੁੱਕਤ ਕੀਤਾ। ਭਾਈ ਗੁਰਦਾਸ ਜੀ ਬਹੁਤ ਹੀ ਸਤਿਕਾਰਤ ਸਿੱਖ ਵਿਦਵਾਨ, ਪ੍ਰਚਾਰਕ ਅਤੇ ਸਾਹਿਤਕ ਪ੍ਰਭਾਵਸ਼ਾਲੀ ਸਨ। ਉਹਨਾਂ ਦੇ ਸਿੱਖੀ ਜੀਵਨ ਕਾਰਨ ਸਿੱਖ ਜਗਤ ਵਿੱਚ ਉਹਨਾਂ ਦਾ ਬਹੁਤ ਸਤਿਕਾਰ ਸੀ। ਗੁਰੂ ਰਾਮਦਾਸ ਜੀ ਦੇ ਜਗਤ- ਚਲਾਣਾ ਕਰ ਜਾਣ ਬਾਅਦ, ਭਾਈ ਗੁਰਦਾਸ ਜੀ ਦਾ ਪੰਜਵੇਂ ਨਾਨਕ, ਗੁਰੂ ਅਰਜਨ ਜੀ ਨਾਲ ਬਹੁਤ ਨੇੜੇ ਦਾ ਸਬੰਧ ਬਣ ਗਿਆ। ਗੁਰੂ ਅਰਜਨ ਜੀ ਵੀ

ਉਹਨਾਂ ਨੂੰ ਸਤਿਕਾਰ ਵਜੋਂ 'ਮਾਮਾ ਜੀ' ਕਹਿੰਦੇ ਸਨ। ਪੰਜਵੇਂ ਨਾਨਕ ਦੀ ਆਗਿਆ ਅਧੀਨ, ਭਾਈ ਗੁਰਦਾਸ ਜੀ ਨੇ ਸਿੱਖਾਂ ਦੇ ਪਹਿਲੇ ਗ੍ਰੰਥ ਦੀ ਲਿਖਾਈ ਕੀਤੀ, ਜਿਸਨੂੰ ਉਸ ਵੇਲੇ 'ਆਦਿ ਗ੍ਰੰਥ' ਕਿਹਾ ਜਾਂਦਾ ਸੀ। ੧੬੦੪ ਵਿਚ 'ਆਦਿ ਗ੍ਰੰਥ' ਦੀ ਸੰਪੂਰਨਤਾ ਹੋਈ। ਇਸਦੇ ਸੰਪੂਰਨ ਕਰਨ ਵਿਚ ਕੋਈ ੧੯ ਸਾਲ ਲਗ ਗਏ। ਭਾਈ ਗੁਰਦਾਸ ਜੀ ਨੇ ਸਿਰਫ਼ 'ਆਦਿ ਗ੍ਰੰਥ' ਹੀ ਨਹੀਂ ਲਿਖਿਆ, ਜੋ ਗੁਰੂ ਅਰਜਨ ਜੀ ਲਿਖਵਾਉਂਦੇ ਰਹੇ, ਪਰ ਉਹਨਾਂ ਨੇ ਹੋਰ ਚਾਰ ਲਿਖਾਰਿਆਂ ਦੀ ਦੇਖ-ਰੇਖ ਵੀ ਕੀਤੀ ਜੋ ਵੱਖ-ਵੱਖ ਸਿੱਖ ਧਾਰਮਿਕ ਪੁਸਤਕਾਂ ਲਿਖ ਰਹੇ ਹਨ। ਆਪ ਜੀ ਦੀਆਂ ਲਿਖਤਾਂ ਨੂੰ 'ਵਾਰਾਂ ਭਾਈ ਗੁਰਦਾਸ' ਕਿਹਾ ਜਾਂਦਾ ਹੈ। ਉਹਨਾਂ ਦੀਆਂ ਹੋਰ ਲਿਖਤਾਂ ਇਸ ਪ੍ਰਕਾਰ ਸਨ:

੮ ਵਾਰਾਂ ਵਿਚ ੬ ਛੰਦ, ਜੋ ਸੰਸਕ੍ਰਿਤ ਵਿਚ ਹਨ;

੬੭੨ ਕਬਿਤ ਅਤੇ ੩ ਸਵੈਯੇ, ਜੋ ਬ੍ਰਿਜ ਭਾਸ਼ਾ ਵਿਚ ਹਨ;

੪੦ ਵਾਰਾਂ ਜਿਹਨਾਂ ਵਿਚ ੯੧੨ ਪਉੜੀਆਂ ਗੁਰਮੁਖੀ ਵਿਚ ਹਨ।

ਪੰਜਵੇਂ ਨਾਨਕ ਨੇ ਆਪ ਦੀਆਂ ਵਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਹੋਣ ਵਜੋਂ ਕਿਹਾ।

ਨੌਵੇਂ ਨਾਨਕ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਸਵੇਂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਨੇ ੧੬੭੮ ਵਿਚ ਸੰਕਲਤ ਕੀਤਾ। ਦਸਵੇਂ ਨਾਨਕ ਦੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ, ਉਹਨਾਂ ਨੇ ਮੁਕੰਮਲ 'ਆਦਿ ਗ੍ਰੰਥ' ਨੂੰ ਗੁਰਗੱਦੀ ਸੌਂਪੀ ਅਤੇ ਇਸਨੂੰ "ਸ੍ਰੀ ਗੁਰੂ ਗ੍ਰੰਥ ਸਾਹਿਬ" ਕਿਹਾ ਜਾਣ ਲਗਿਆ। ਅੱਜ ਦੇ ਸਮੇਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਬਹੁਤ ਸਤਿਕਾਰ ਵਜੋਂ ਸਿੱਖਾਂ ਦਾ 'ਸਦਾਕਾਲ ਗੁਰੂ', ਕਿਹਾ ਜਾਂਦਾ ਹੈ ਅਤੇ ਇਹ ਸਿੱਖ ਧਰਮ ਦਾ ਸਰਵ-ਸ੍ਰੇਸ਼ਟ ਕੇਂਦਰ ਹੈ।

ਛੇਵੇਂ ਨਾਨਕ ਨੇ ਅਕਾਲ ਤਖ਼ਤ ਦੀ ਉਸਾਰੀ ੧੫ ਜੂਨ, ੧੬੦੬ ਨੂੰ ਕੀਤਾ। ਗੁਰੂ ਹਰਿਗੋਬਿੰਦ ਜੀ ਨੇ ਆਪ ਖੁਦ 'ਅਕਾਲ ਤਖ਼ਤ' ਦੀ ਇਸ ਇਮਾਰਤ ਦਾ ਨੀਂਹ-ਪੱਥਰ ਰਖਿਆ। ਬਾਕੀ ਇਮਾਰਤ ਦੀ ਉਸਾਰੀ ਦਾ ਕੰਮ ਬਾਬਾ ਬੁੱਢਾ ਅਤੇ ਭਾਈ ਗੁਰਦਾਸ ਨੇ ਕੀਤਾ। ਕਿਸੇ ਵੀ ਹੋਰ ਰਾਜ-ਮਿਸਤਰੀ ਨੂੰ ਇਸ ਇਮਾਰਤ ਦੀ ਉਸਾਰੀ ਵਿਚ ਕੰਮ ਕਰਨ ਦੀ ਆਗਿਆ ਨਹੀਂ ਸੀ। ਗੁਰੂ ਹਰਿਗੋਬਿੰਦ ਜੀ ਆਪ ਹੀ ਇਸ ਤਖ਼ਤ ਦੀ ਨਿਗਰਾਨੀ ਕਰਦੇ ਸਨ। ੩੧ ਦਸੰਬਰ, ੧੬੧੨ ਨੂੰ, ਜਦ ਗੁਰੂ ਹਰਿਗੋਬਿੰਦ ਜੀ ਗਵਾਲਿਅਰ ਦੇ ਕਿਲੇ ਵਿਚ ਕੈਦ ਸਨ, ਤਾਂ ਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ ਹਰਿਮੰਦਰ ਸਾਹਿਬ ਦੀ ਸੇਵਾ ਕਰਨਾ ਅਤੇ ਭਾਈ ਗੁਰਦਾਸ ਜੀ ਨੂੰ ਅਕਾਲ ਤਖ਼ਤ ਦੇ ਜਥੇਦਾਰ ਹੋਣ ਦੀ ਆਗਿਆ ਕੀਤੀ।

ਭਾਈ ਗੁਰਦਾਸ ਜੀ ਨੇ ਅਗਸਤ ੨੫, ੧੬੩੬ ਨੂੰ ਗੋਇੰਦਵਾਲ ਵਿਚ ਅਕਾਲ ਚਲਾਣਾ ਕੀਤਾ। ਗੁਰੂ ਹਰਿਗੋਬਿੰਦ ਜੀ ਨੇ ਖੁਦ ਹਾਜ਼ਰ ਹੋ ਕੇ ਅੰਤਮ ਸਸਕਾਰ ਦੀਆਂ ਰਸਮਾਂ ਪੂਰੀ ਕੀਤਿਆਂ।

## ਕਲਿਆਣ ਚੰਦ, ਬਿਲਾਸਪੁਰ ਦਾ ਰਾਜਾ, ਫਰਵਰੀ ੧੨, ੧੬੩੭

ਰਾਜਾ ਅਤੇ ਉਸਦੀ ਪਤਨੀ ਨਾਨਕ ਦੇ ਘਰ ਦੇ ਬਹੁਤ ਸ਼ਰਧਾਲੂ ਸਨ। ਸਿੱਖਾਂ ਦੀਆਂ ਸੰਸਥਾਵਾਂ ਪ੍ਰਤੀ ਉਹ ਬਹੁਤ ਸਹਾਇਕ ਸਨ।

### ਬਾਬਾ ਗੁਰਦਿੱਤਾ, ਮਾਰਚ ੧੫, ੧੬੩੮

ਬਾਬਾ ਗੁਰਦਿੱਤਾ ਛੇਵੇਂ ਨਾਨਕ ਅਤੇ ਮਾਤਾ ਦਮੋਦਰੀ ਦੇ ਵੱਡੇ ਸਪੁੱਤਰ ਸਨ। ਉਹ ਅਤੇ ਉਹਨਾਂ ਦੀ ਸੁਪਤਨੀ, ਮਾਤਾ ਨਿਹਾਲ ਕੌਰ, ਸਤਵੇਂ ਨਾਨਕ ਅਤੇ ਧੀਰ ਮੱਲ ਦੇ ਮਾਪੇ ਸਨ ਅਤੇ ਅਠਵੇਂ ਨਾਨਕ ਦੇ ਦਾਦਾ-ਦਾਦੀ ਸਨ। ਬਾਬਾ ਗੁਰਦਿੱਤਾ ਜੀ ਨਾਵੇਂ ਨਾਨਕ ਦੇ ਵੱਡੇ ਭਰਾ ਸਨ ਅਤੇ ਆਪ ਜੀ ਦਾ ਜਨਮ ਪੰਜਾਬ ਦੇ ਫੀਰੋਜ਼ਪੁਰ ਜਿਲਾ ਵਿਚ ਹੋਇਆ ਸੀ।

### ਭਾਈ ਬਿਧੀ ਚੰਦ, ਅਗਸਤ ੩੧, ੧੬੩੮

ਭਾਈ ਬਿਧੀ ਚੰਦ ਇਕ ਸੂਰਬੀਰ ਗੁਰਸਿੱਖ ਅਤੇ ਛੇਵੇਂ ਨਾਨਕ ਦੇ ਵੇਲੇ ਧਾਰਮਿਕ ਪਰਚਾਰਕ ਸੀ। ਉਹ ਪੰਜਵੇਂ ਅਤੇ ਛੇਵੇਂ ਨਾਨਕ ਦੇ ਪੰਜ ਨੇੜਲੇ ਸਿੱਖਾਂ ਵਿਚੋਂ ਇਕ ਸੀ। ੧੬੦੬ ਵਿਚ ਗੁਰੂ ਅਰਜਨ ਜੀ ਦੀ ਸ਼ਹੀਦੀ ਹੋਣ ਦੇ ਸਮੇਂ ਲਾਹੌਰ ਨਾਲ ਜਾਣ ਵਾਲੇ ਪੰਜ ਸਿੱਖਾਂ ਵਿਚ ਚੁਣੇ ਗਏ ਸਨ। ਨੌ-ਜੁਆਨੀ ਵਿੱਚ, ਬਿਧੀ ਚੰਦ ਕਿਸੇ ਮਾੜੀ ਸੰਗਤ ਵਿਚ ਰਲ ਗਏ ਸਨ ਅਤੇ ਡਾਕੂ ਬਣ ਗਏ। ਇਕ ਦਿਨ ਇਕ ਪਾਕ-ਪਵਿੱਤਰ ਸਿੱਖ ਉਸਨੂੰ ਪੰਜਵੇਂ ਨਾਨਕ ਦੀ ਹਜ਼ੂਰੀ ਵਿਚ ਲੇ ਆਇਆ, ਜਿਥੇ ਉਸ ਅੰਦਰ ਇਕ ਅਲੋਕਿਕ ਪਰਿਵਰਤਨ ਆ ਗਿਆ। ਡਾਕੂਪੁਣੇ ਅਤੇ ਮੰਦੇ ਕਰਤਵਾਂ ਵਾਲੀ ਜ਼ਿੰਦਗੀ ਖਤਮ ਹੋ ਗਈ ਅਤੇ ਉਸਨੇ ਆਪਣਾ ਜੀਵਨ ਗੁਰੂ ਦੀ ਸੇਵਾ ਵਿਚ ਅਰਪਣ ਕਰ ਦਿਤਾ। ਜਦ ਛੇਵੇਂ ਨਾਨਕ ਨੇ ਅਮਨ-ਪਸੰਦ ਸ਼ਰਧਾਲੂਆਂ ਨੂੰ ਹਰ ਵੇਲੇ ਡਰਾਉਂਦੇ ਧਮਕਾਉਂਦੇ ਖਤਰਿਆਂ ਦੇ ਟਾਕਰੇ ਲਈ ਇਕ ਫੌਜ ਤਿਆਰ ਕਰਨ ਦਾ ਫੈਸਲਾ ਕੀਤਾ, ਤਾਂ ਉਸ ਵੇਲੇ ਗੁਰੂ ਜੀ ਨੇ ਬਿਧੀ ਚੰਦ ਨੂੰ ਆਪਣੀ ਫੌਜ ਦਾ ਇੱਕ ਕਮਾਂਡਰ ਚੁਣਿਆ। ਉਸਨੇ ਮੁਗ਼ਲ ਫ਼ੌਜਾਂ ਨਾਲ ਕਈ ਜੰਗਾਂ ਵਿਚ ਮੰਨਣ ਵਿਚ ਨਾ ਆਉਣ ਵਾਲੇ ਬਹਾਦਰੀ ਦੇ ਕਰਤਬ ਦਿਖਾਏ।

ਗੁਰੂ ਜੀ ਨੇ ਵੱਡੇ ਸਪੁੱਤਰ ਦੇ ਜੋਤੀ ਜੋਤ ਸਮਾਉਂਣ ਤੋਂ ਛੇ ਸਾਲ ਬਾਦ ਆਪਣੇ ਪੋਤੇ ਹਰਿ ਰਾਏ ਜੀ ਨੂੰ ਸਤਵਾਂ ਨਾਨਕ ਨਿਯੁੱਕਤ ਕੀਤਾ। ਇਹ ਨਿਯੁਕਤੀ ੩ ਮਾਰਚ, ੧੬੪੪ ਨੂੰ ਹੋਈ।

ਗੁਰੂ ਹਰਿਗੋਬਿੰਦ ਜੀ ਮਾਰਚ ੩, ੧੬੪੪ ਨੂੰ ਜੋਤੀ ਜੋਤ ਸਮਾ ਗਏ। ਕਈ ਲੇਖਕ ਇਸ ਘਟਨਾ ਦੀ ਮਿਤੀ ਫਰਵਰੀ ੨੮, ੧੬੪੪ ਦਸਦੇ ਹਨ। ਗੁਰੂ ਜੀ ਨੇ ੫੪ ਸਾਲ ਦਾ ਜੀਵਨ ਜੀਵਿਆ। ਇਸ ਜੀਵਨ ਦੌਰਾਨ ਆਪ ਜੀ ਨੇ ਛੇਵੇਂ ਨਾਨਕ ਵਜੋਂ ੩੮ ਸਾਲ ਸਿੱਖਾਂ ਦੀ ਅਗਵਾਈ ਕੀਤੀ।

**********************

# ੯. ਗੁਰੂ ਹਰਿਗੋਬਿੰਦ ਜੀ ਦੇ ਜੀਵਨ ਦੀਆਂ ਵਿਸ਼ੇਸ਼ਤਾਈਆਂ

੧੫੯੦ – ੧੬੪੪

| | |
|---|---|
| ਜਨਮ | ਜੂਨ ੧੯, ੧੫੯੦ |
| ਜਨਮ ਸਥਾਨ | ਨਗਰ ਗੁਰੂ ਕੀ ਵਡਾਲੀ, (ਜ਼ਿਲਾ ਅੰਮ੍ਰਿਤਸਰ) |
| ਮਾਤਾ ਪਿਤਾ | ਗੁਰੂ ਅਰਜਨ ਸਾਹਿਬ ਅਤੇ ਮਾਤਾ ਗੰਗਾ ਜੀ |
| ਔਲਾਦ | ਬਾਬਾ ਗੁਰਦਿੱਤਾ (ਸਪੁੱਤਰ, ਜਨਮ ੧੬੧੩)<br>ਬੀਬੀ ਵੀਰੋ (ਸਪੁੱਤਰੀ, ਜਨਮ ੧੬੧੫)<br>ਸੂਰਜ ਮਲ, (ਪੁੱਤਰ, ਜਨਮ ੧੬੧੭)<br>ਅਣੀ ਰਾਏ (ਪੁੱਤਰ, ਜਨਮ ੧੬੧੮)<br>ਅਟੱਲ ਰਾਏ (ਪੁੱਤਰ, ਜਨਮ ੧੬੧੯) ਅਤੇ<br>ਤੇਗ਼ ਬਹਾਦਰ (ਸਪੁੱਤਰ, ਜਨਮ ੧੬੨੧) – ੧੬੬੪ ਵਿਚ ਗੁਰੂ ਬਣੇ। |
| ਗੁਰਗੱਦੀ | ਮਈ ੨੫, ੧੬੦੬, ਉਮਰ ੧੬ ਸਾਲ |
| ਜੋਤੀ ਜੋਤ ਸਮਾਏ | ਮਾਰਚ ੩, ੧੬੪੪; ਉਮਰ ੫੪ ਸਾਲ |
| ਬਾਣੀ | ਕੋਈ ਨਹੀਂ |
| ਵਿਸ਼ੇਸ਼ ਸਹਿਯੋਗ | ਪਹਿਲੀ ਸਿੱਖ ਫੌਜ ਬਣਾ ਕੇ ਮੀਰੀ ਪੀਰੀ ਦੀ ਭਾਵਨਾ ਅਤੇ ਧਾਰਣਾ ਨੂੰ ਸ਼ਕਤੀਸ਼ਾਲੀ ਬਣਾਇਆ।<br>ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੇ ਸਾਹਮਣੇ ਅਕਾਲ ਤਖ਼ਤ ਦੀ ਉਸਾਰੀ ਕੀਤੀ। (੧੬੦੯)<br>ਸ਼ਹੀਦਾਂ ਦੀਆਂ ਵਾਰਾਂ ਲਿਖਣ ਲਈ ਅਤੇ ਢੱਡ ਅਤੇ ਸਾਰੰਗੀ ਦੀ ਵਰਤੋਂ ਨਾਲ ਉਹਨਾਂ ਨੂੰ ਬੀਰ ਰਸ ਰਾਗਾਂ ਵਿਚ ਗਾਉਣ ਲਈ ਕਵੀਆਂ ਨੂੰ ਉਤਸ਼ਾਹਤ ਕੀਤਾ।<br>੧੬੧੯ ਵਿਚ ਗਵਾਲਿਅਰ ਦੇ ਕਿਲੇ ਵਿਚੋਂ ੫੨ ਰਾਜਿਆਂ ਨੂੰ ਰਿਹਾ ਕਰਵਾਇਆ। ਰਿਹਾਅ ਹੋਣ ਤੋਂ ਬਾਅਦ ਅੰਮ੍ਰਿਤਸਰ ਵਿਚ ਆਪ ਜੀ ਦੇ ਆਉਣ ਤੇ ਅੱਜ ਕਲ੍ਹ ਸੰਸਾਰ ਭਰ ਦੇ ਸਿੱਖ 'ਬੰਦੀ ਛੋੜ' ਦਿਵਸ (ਰਿਹਾਈ ਦਾ ਦਿਨ) ਵਜੋਂ ਮਨਾਉਂਦੇ ਹਨ। |

# ਸਤਵੇਂ ਨਾਨਕ

## ਗੁਰੂ ਹਰਿ ਰਾਏ ਜੀ

# ੧੦. ਮੁੱਢਲਾ ਜੀਵਨ

**੧੬੩੦** (ਜਨਮ): ਹਰਿ ਰਾਏ ਜੀ ਦਾ ਜਨਮ ਕੀਰਤਪੁਰ ਵਿਚ ਜਨਵਰੀ ੧੬, ੧੬੩੦ ਨੂੰ ਹੋਇਆ। ਆਪ ਜੀ ਗੁਰੂ ਹਰਿਗੋਬਿੰਦ ਜੀ ਅਤੇ ਮਾਤਾ ਕਿਸ਼ਨ ਕੌਰ ਜਾਂ ਮਾਤਾ ਅਨੰਤੀ ਦੇ ਸਪੁੱਤਰ ਬਾਬਾ ਗੁਰਦਿੱਤਾ ਜੀ ਦੇ ਸਪੁੱਤਰ ਸਨ।

| | ਸਪੁੱਤਰ | ਸਪੁੱਤਰ |
|---|---|---|
| ਗੁਰੂ ਹਰਿਗੋਬਿੰਦ ਜੀ (ਛੇਵੇਂ ਨਾਨਕ ) | ਬਾਬਾ ਗੁਰਦਿਤਾ | ਬਾਬਾ ਧੀਰ ਮਲ |
| | | (ਗੁਰੂ) **ਹਰਿ ਰਾਏ ਜੀ (ਸਤਵੇਂ ਨਾਨਕ )** |
| | ਬਾਬਾ ਅਟਲ ਰਾਏ | |
| | ਬਾਬਾ ਸੂਰਜ ਮਲ | |
| | ਬਾਬਾ ਅਣੀ ਰਾਏ | |
| | (ਗੁਰੂ ਤੇਗ਼ ਬਹਾਦਰ ਜੀ (ਨੌਵੇਂ ਨਾਨਕ ) | (ਗੁਰੂ ਗੋਬਿੰਦ ਸਿੰਘ ਜੀ (ਦਸਵੇਂ ਨਾਨਕ) |

**੧੬੩੫** (ਉਮਰ ੫ ਸਾਲ): ੧੬੩੫ ਵਿਚ, ਹਰਿ ਰਾਏ ਜੀ ਦੇ ਦਾਦਾ ਜੀ, ਗੁਰੂ ਹਰਿਗੋਬਿੰਦ ਜੀ, ਛੇਵੇਂ ਨਾਨਕ, ਕੀਰਤਪੁਰ ਆ ਗਏ। ਹਰਿ ਰਾਏ ਜੀ ਨੇ ਅਗਲੇ ਨੌ ਸਾਲ ਗੁਰੂ ਜੀ ਦੇ ਨਾਲ ਗੁਜ਼ਾਰੇ। ਛੇਵੇਂ ਨਾਨਕ ਦਾ ਆਪ ਜੀ ਤੇ ਬਹੁਤ ਪ੍ਰਭਾਵ ਪਿਆ।

ਆਪ ਜੀ ਨੇ ਬਚਪਨ ਵਿੱਚ ਸੈਨਕ ਵਜੋਂ ਸਿਖਲਾਈ ਹਾਸਲ ਕੀਤੀ। ਭਾਈ ਬਿਧੀ ਚੰਦ ਨੇ ਆਪ ਜੀ ਨੂੰ ਘੋੜ ਸਵਾਰੀ, ਤਲਵਾਰ ਬਾਜ਼ੀ, ਤੀਰ-ਅੰਦਾਜ਼ੀ ਅਤੇ ਹੋਰ ਜੰਗੀ ਕਲਾਵਾਂ ਸਿਖਾਈਆਂ। ਤੇਰਾਂ ਸਾਲ ਦੇ ਹੋਣ ਤੱਕ, ਆਪ ਜੀ ਜੰਗੀ ਕਲਾਵਾਂ ਵਿਚ ਪੂਰੀ ਤਰ੍ਹਾਂ ਪ੍ਰਬੀਨ ਹੋ ਗਏ। ਆਪ ਜੀ ਗੁਰਬਾਣੀ ਵਿੱਚ ਵੀ ਬਹੁਤ ਯੋਗ ਸਨ। ਕੀਰਤਪੁਰ ਆਉਣ ਵਾਲੇ ਸਿੱਖ ਆਪ ਜੀ ਨਾਲ ਹੁੰਦੀ ਅਧਿਆਤਮਿਕ ਗੱਲ ਬਾਤ ਤੋਂ ਬਹੁਤ ਪ੍ਰਭਾਵਤ ਹੁੰਦੇ ਸਨ।

ਹਰਿ ਰਾਏ ਜੀ ਦਾ ਬਹੁਤ ਸੰਵੇਦਨਸ਼ੀਲ ਅਤੇ ਦਇਆਲੂ ਸੁਭਾਅ ਸੀ। ਇਕ ਵਾਰ ਜਦ ਆਪ ਜੀ ਬਾਗ ਵਿਚ ਸੈਰ ਕਰ ਰਹੇ ਸਨ ਤਾਂ ਉਹਨਾਂ ਦੇ ਫੈਲਾਅ ਵਾਲੇ ਕਪੜਿਆਂ ਨਾਲ ਇਕ ਫੁੱਲ ਅੜ ਗਿਆ ਅਤੇ ਕੁਝ ਪੱਤੀਆਂ ਜ਼ਮੀਨ ਤੇ ਗਿਰ ਗਈਆਂ। ਪੱਤੀਆਂ ਦੇ ਗਿਰ ਜਾਣ ਨਾਲ ਆਪ ਜੀ ਨਿਰਾਸ ਹੋ ਗਏ ਕਿਉਂਕਿ ਪੱਤੀਆਂ ਨੇ ਜਲਦੀ ਹੀ ਮੁਰਝਾ ਜਾਣਾ ਸੀ। ਛੇਵੇਂ ਨਾਨਕ ਜੀ ਇਹ ਸਭ ਦੇਖ ਰਹੇ ਸਨ। ਛੇਵੇਂ ਨਾਨਕ ਗੁਰੂ ਹਰਿ ਗੋਬਿੰਦ ਜੀ ਆਪ ਜੀ ਕੋਲ ਗਏ ਅਤੇ ਨਿਰਾਸ ਨਾ ਹੋਣ ਲਈ ਕਿਹਾ ਅਤੇ ਸਮਝਾਇਆ ਕਿ ਇਸ ਸਭ ਕੁਝ ਨੂੰ ਪ੍ਰਮਾਤਮਾ ਦਾ ਹੁਕਮ ਕਰਕੇ ਮੰਨੋ।

ਹਰਿ ਰਾਏ ਜੀ ਪੌਦਿਆਂ ਨੂੰ ਇੰਜ ਸਮਝਿਆ ਕਰਦੇ ਸਨ ਜਿਵੇਂ ਕਿ ਉਹ ਜੀਵਤ ਜੀਵ ਹੋਣ। ਆਪ ਜੀ ਨੇ ਇਸ ਗੱਲ ਤੇ ਜ਼ੋਰ ਦਿਤਾ ਕਿ ਸਾਨੂੰ ਜੀਵਤ ਫੁੱਲਾਂ ਨੂੰ ਮਾਨਣਾ ਚਾਹੀਦਾ ਹੈ, ਨਾ ਕਿ ਇਕ ਟੁੱਟੇ ਫੁੱਲ ਨੂੰ ਹੱਥ ਵਿਚ ਪਕੜ ਕੇ ਜਾਂ ਫੁੱਲਾਂ ਦੇ ਹਾਰ ਜਾਂ ਪੂਜਾ ਲਈ ਅਰਪਿਤ ਕਰਕੇ।

## ਸਬਦ ਗੁਰੂ ਸਦਾਕਾਲ ਜੀਵਤ ਹੈ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੪੭੯ ਤੇ ਆਪ ਜੀ ਮਨਭਾਉਣੀ ਤੁਕ ਹੈ। ਇਹ ਇਸਤਰ੍ਹਾਂ ਹੈ:

ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ॥
ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ ॥1॥
ਭੂਲੀ ਮਾਲਨੀ ਹੈ ਏਉ ॥ ਸਤਿਗੁਰੁ ਜਾਗਤਾ ਹੈ ਦੇਉ ॥1॥ ਰਹਾਉ ॥

**ਅਲੰਕਾਰਕ ਸੰਦੇਸ਼:** ਮੂਰਤੀ ਅੱਗੇ ਭੇਟ ਕਰਨ ਲਈ ਮਾਲਣ ਪੱਤਰ ਤੋੜਦੀ ਹੈ, ਪਰ ਇਹ ਨਹੀਂ ਜਾਣਦੀ ਕਿ ਹਰੇਕ ਪੱਤਰ ਵਿਚ ਜਿੰਦ ਹੈ। ਜਿਸ ਪੱਥਰ ਦੀ ਮੂਰਤੀ ਦੇ ਖ਼ਾਤਰ ਮਾਲਣ ਪੱਤਰ ਤੋੜਦੀ ਹੈ, ਉਹ ਪੱਥਰ ਦੀ ਮੂਰਤੀ ਨਿਰਜਿੰਦ ਹੈ।1। ਇਕ ਨਿਰਜਿੰਦ ਮੂਰਤੀ ਦੀ ਸੇਵਾ ਕਰ ਕੇ ਇਸ ਤਰ੍ਹਾਂ ਇਹ ਮਾਲਣ ਭੁੱਲ ਰਹੀ ਹੈ, ਅਸਲੀ ਇਸ਼ਟ ਸਤਿਗੁਰੂ ਤਾਂ ਜੀਉਂਦਾ ਜਾਗਦਾ ਦੇਵਤਾ ਹੈ।1। ਰਹਾਉ।

ਹਰੇਕ ਗੁਰੂ ਜੀ ਨੇ ਸ਼ਬਦ ਨੂੰ ਹੀ ਗੁਰੂ ਮੰਨਣ ਤੇ ਜ਼ੋਰ ਦਿਤਾ ਸੀ ਅਤੇ ਮੂਰਤੀ ਪੂਜਾ (ਨਿਰਜੀਵ ਵਸਤਾਂ) ਦੀ ਵਿਅਰਥਤਾ ਦਾ ਪਰਚਾਰ ਕੀਤਾ ਸੀ। ਇਕ ਮੁਸਲਮਾਨ ਹੁੰਦਿਆਂ, ਮੁਗ਼ਲ ਬਾਦਸ਼ਾਹ ਸ਼ਾਹ ਜਹਾਨ ਮੂਰਤੀ ਪੂਜਾ ਦਾ ਵਿਰੋਧੀ ਸੀ। ਉਸਨੇ ਨਵੇਂ ਬਣੇ ਹਿੰਦੂ ਮੰਦਰਾਂ ਨੂੰ ਢਾਹ ਦੇਣ ਦਾ ਹੁਕਮ ਦਿਤਾ ਸੀ ਅਤੇ ਪੁਰਾਣਿਆਂ ਦੀ ਮੁਰੰਮਤ ਕਰਨ ਦੀ ਵੀ ਆਗਿਆ ਨਹੀਂ ਦਿਤੀ ਸੀ ਕਿਉਂਕਿ ਉਹਨਾਂ ਵਿਚ ਮੂਰਤੀ ਪੂਜਾ ਹੁੰਦੀ ਸੀ। ਸਿੱਖਾਂ ਦੇ ਗੁਰਦੁਆਰਿਆਂ ਵਿਰੁੱਧ ਉਸਨੇ ਅਜਿਹੇ ਹੁਕਮ ਨਹੀਂ ਦਿਤੇ ਸਨ ਕਿਉਂਕਿ ਉਥੇ ਕੋਈ ਮੂਰਤੀ ਪੂਜਾ ਨਹੀਂ ਕੀਤੀ ਜਾਂਦੀ ਸੀ।

**********************

# ੧੧. ਹਰਿ ਰਾਏ ਜੀ ਦਾ ਪਰਵਾਰ ਅਤੇ ਗੁਰਗੱਦੀ

**੧੬੪੦** (ਉਮਰ ੧੦ ਸਾਲ): ਹਰਿ ਰਾਏ ਜੀ ਹਾਲੇ ੧੦ ਸਾਲ ਦੇ ਹੀ ਸਨ ਜਦ ਆਪ ਜੀ ਦੇ ਪਿਤਾ ਬਾਬਾ ਗੁਰਦਿੱਤਾ ਜੀ (ਛੇਵੇਂ ਨਾਨਕ ਗੁਰੂ ਹਰਿਗੋਬਿੰਦ ਜੀ ਦੇ ਵੱਡੇ ਸਪੁਤਰ) ਅਕਾਲ ਚਲਾਨਾ ਕਰ ਗਏ। ਸੋ ਹਰਿ ਰਾਏ ਜੀ ਆਪਣੇ ਦਾਦਾ ਜੀ ਦੀ ਸੰਗਤ ਵਿਚ ਵੱਡੇ ਹੋਏ। ਜਨਵਰੀ ੧੪, ੧੬੪੦ ਨੂੰ ਹਰਿ ਰਾਏ ਜੀ ਦਾ ਬੀਬੀ ਸੁਲੱਖਣੀ ਨਾਲ ਵਿਆਹ ਹੋ ਗਿਆ। ਉਹਨਾਂ ਦੇ ਤਿੰਨ ਬੱਚੇ ਹੋਏ: ਰਾਮ ਰਾਏ (੧੬੪੬), ਰੂਪ ਕੌਰ (੧੬੪੯) ਅਤੇ ਹਰਿ ਕ੍ਰਿਸ਼ਨ (੧੬੫੨) ਜੋ ਬਾਅਦ ਵਿਚ ਗੁਰੂ ਬਣੇ।

**੧੬੪੪** (ਉਮਰ ੧੪ ਸਾਲ): ਛੇਵੇਂ ਨਾਨਕ, ਗੁਰੂ ਹਰਿਗੋਬਿੰਦ ਜੀ, ਹਰਿ ਰਾਏ ਜੀ ਨੂੰ ਸਤਵਾਂ ਨਾਨਕ ਨਿਯੁੱਕਤ ਕਰਕੇ ਆਪ ੩ ਮਾਰਚ, ੧੬੪੪ ਨੂੰ ਜੋਤੀ ਜੋਤ ਸਮਾ ਗਏ। ਹਰਿ ਰਾਏ ਜੀ ਗੁਰੂ ਜੀ ਦੇ ਦਰਬਾਰ ਦੇ ਕੰਮਾਂ ਕਾਰਜਾਂ ਵਿਚ ਨਿਯਮਿਤ ਰੂਪ ਵਿੱਚ ਹਿੱਸਾ ਲਿਆ ਕਰਦੇ ਸਨ, ਅਤੇ ਛੇਵੇਂ ਨਾਨਕ ਦੀ ਸੰਗਤ ਵਿਚ ਹਮੇਸ਼ਾ ਹੀ ਰਿਹਾ ਕਰਦੇ ਸਨ।

ਨਤੀਜੇ ਵਜੋਂ, ਸਤਵੇਂ ਨਾਨਕ ਨੇ ਸਿੱਖ ਪੰਥ ਦੀ ਜਥੇਬੰਦਕ ਪ੍ਰਣਾਲੀ ਦੇ ਕੰਮਕਾਜ ਦੀ ਸ਼ਾਨਦਾਰ ਸਮਝ ਵਿਕਸਿਤ ਕਰ ਲਈ ਸੀ। ਸਤਵੇਂ ਨਾਨਕ ਨੇ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਬਾਰੇ ਆਪਣੇ ਦਾਦਾ ਜੀ, ਛੇਵੇਂ ਨਾਨਕ, ਪਾਸੋਂ ਬਹੁਤ ਗਹਿਰਾ ਗਿਆਨ ਪ੍ਰਾਪਤ ਕਰ ਲਿਆ ਸੀ। ਗੁਰੂ ਜੀ ਨੂੰ ਦੋ ਨਾਜ਼ੁਕ ਮਸਲਿਆਂ ਦਾ ਸਾਹਮਣਾ ਕਰਨਾ ਪਿਆ। ਇਕ ਸੀ ਕਿ ਮੁਗ਼ਲ ਰਾਜ ਦੇ ਤਖ਼ਤ ਲਈ ਵੱਖ ਵੱਖ ਧੜਿਆਂ ਵਿਚ ਲੜਾਈ ਝਗੜਾ ਚੱਲ ਰਿਹਾ ਸੀ। ਦੂਸਰਾ ਸੀ ਕਿ ਮੀਣਾ (ਪਿਰਥੀ ਚੰਦ ਦੇ ਵੰਸ਼ਜ) ਵਲੋਂ ਸਿੱਖ ਪੰਥ ਦੀਆਂ ਸਿਖਿਆਵਾਂ ਨੂੰ ਬੇ-ਅਸਰ ਕਰਕੇ ਸਿੱਖ ਪੰਥ ਨੂੰ ਵੰਡਣ ਲਈ ਅਨੇਕਾਂ ਕੋਸ਼ਸ਼ਾਂ ਕੀਤੀਆਂ ਜਾ ਰਹੀਆਂ ਸਨ।

*********************

# ੧੨. ਗੁਰੂ ਜੀ ਦੀ ਡਿਸਪੈਂਸਰੀ (ਫਾਰਮੇਸੀ)

੧੬੪੪ ਤੋਂ ਬਾਅਦ, ਸਤਵੇਂ ਨਾਨਕ ਨੇ ਕੀਰਤਪੁਰ ਵਿਚ ਇਕ ਡਿਸਪੈਂਸਰੀ ਖੋਹਲੀ, ਕਈ ਨਿਪੁੰਨ ਡਾਕਟਰਾਂ ਨੂੰ ਨਿਯੁੱਕਤ ਕੀਤਾ ਅਤੇ ਸਾਰੇ ਦੇਸ਼ ਭਰ ਵਿਚੋਂ ਦੁਆਈਆਂ ਮੰਗਵਾਈਆਂ। ਇੱਥੇ ਲੋੜਵੰਦਾਂ ਦਾ ਮੁਫ਼ਤ ਇਲਾਜ ਕੀਤਾ ਜਾਂਦਾ ਸੀ। ਪੂਜਾ ਪਾਠ ਦੀਆਂ ਜਗਾਹਾਂ ਤੇ ਮੁਫ਼ਤ ਕਲਿਨਿਕਸ ਚਲਾਉਣ ਲਈ ਅਤੇ ਲੰਗਰ ਵਰਤਾਉਣ ਲਈ ਗੁਰੂ ਜੀ ਨੇ ਆਦੇਸ਼ ਜਾਰੀ ਕੀਤੇ। ਕੀਰਤਪੁਰ ਦੀ ਡਿਸਪੈਂਸਰੀ ਸਾਰੇ ਦੇਸ਼ ਵਿਚ ਮਸ਼ਹੂਰ ਹੋ ਗਈ। ਗੁਰੂ ਜੀ ਨੇ ਜੜੀ ਬੂਟੀਆਂ ਦਾ ਇਕ ਆਯੁਰਵੈਦਿਕ ਹਸਪਤਾਲ ਅਤੇ ਇਕ ਖੋਜ ਕੇਂਦਰ ਵੀ ਕੀਰਤਪੁਰ ਵਿਚ ਸਥਾਪਤ ਕੀਤਾ।

ਸਿੱਖ ਧਰਮ ਹਰ ਕਿਸੇ ਦਾ ਸਤਿਕਾਰ ਕਰਦਾ ਸੀ ਅਤੇ ਕਿਸੇ ਵੀ ਧਰਮ ਜਾਂ ਜਾਤੀ ਨਾਲ ਵਿਤਕਰਾ ਕੀਤੇ ਬਗੈਰ ਹਰ ਕਿਸੇ ਨੂੰ ਸੇਵਾ ਪਰਦਾਨ ਕੀਤੀ ਜਾਂਦੀ ਸੀ। ਇਸਤਰ੍ਹਾਂ ਹਿੰਦੂ ਅਤੇ ਮੁਸਲਿਮ ਦੋਨੋ ਜਾਤੀਆਂ ਦੇ ਲੋਕ ਗੁਰੂ ਨਾਨਕ ਜੀ ਦੇ ਸਮੇਂ ਤੋਂ ਇਥੇ ਆਇਆ ਕਰਦੇ ਸਨ। ਪਰ ਬਾਦਸ਼ਾਹ ਸ਼ਾਹ ਜਹਾਨ ਇਸਨੂੰ ਸਹਿਨ ਨਾ ਕਰ ਸਕਿਆ। ਉਹ ਨਹੀਂ ਚਾਹੁੰਦਾ ਸੀ ਕਿ ਗੁਰੂ ਨਾਨਕ ਦਾ ਚਲਾਇਆ ਧਰਮ ਪ੍ਰਫੁੱਲਤ ਹੋਏ।

ਬਾਦਸ਼ਾਹ ਸ਼ਾਹ ਜਹਾਨ ਆਪਣੇ ਵੱਡੇ ਪੁੱਤਰ ਦਾਰਾ ਸ਼ਿਕੋਹ ਨੂੰ ਬਹੁਤ ਪਿਆਰ ਕਰਦਾ ਸੀ। ਇਕ ਵਾਰੀ, ਦਾਰਾ ਸ਼ਿਕੋਹ ਬਹੁਤ ਬੀਮਾਰ ਹੋ ਗਿਆ। ਸ਼ਾਹੀ ਡਾਕਟਰਾਂ ਦੇ ਵਧੀਆ ਇਲਾਜ ਦੇ ਬਾਵਜੂਦ, ਉਹ ਠੀਕ ਨਾ ਹੋ ਸਕਿਆ। ਡਾਕਟਰਾਂ ਨੇ ਸਲਾਹ ਦਿਤੀ ਕਿ ਬਾਦਸ਼ਾਹ ਕੀਰਤਪੁਰ ਦੀ ਡਿਸਪੈਂਸਰੀ ਤੋਂ ਦੁਆਈਆਂ ਮੰਗਵਾਉਣ। ਕਿਉਂਕੀ ਹੋਰ ਕੋਈ ਵੀ ਦੁਆਈ ਅਸਰ ਨਹੀਂ ਕਰ ਰਹੀ ਸੀ, ਬਾਦਸ਼ਾਹ ਸ਼ਾਹ ਜਹਾਨ ਨੇ ਨਿਰਾਸਤਾ ਦੀ ਹਾਲਤ ਵਿਚ ਗੁਰੂ ਜੀ ਦੀ ਡਿਸਪੈਂਸਰੀ ਤੋਂ ਮਦਦ ਦੀ ਮੰਗ ਕੀਤੀ। ਸ਼ਾਹ ਜਹਾਨ ਗੁਰੂ ਜੀ ਤੋਂ ਮਦਦ ਨਹੀਂ ਮੰਗਣਾ ਚਾਹੁੰਦਾ ਸੀ ਕਿਉਂਕਿ ਉਹ ਸਿੱਖ ਧਰਮ ਨੂੰ ਦਬਾਉਣਾ ਚਾਹੁੰਦਾ ਸੀ। ਪਰ ਉਹ ਇਹ ਵੀ ਜਾਣਦਾ ਸੀ ਕਿ ਗੁਰੂ ਜੀ ਬਿਨਾਂ ਕਿਸੇ ਵਿਤਕਰੇ ਦੇ ਹਰ ਕਿਸੇ ਦੀ ਸੇਵਾ ਅਤੇ ਮਦਦ ਕਰਦੇ ਸਨ। ਗੁਰੂ ਜੀ ਨੇ ਲੋੜੀਂਦੀ ਦਵਾਈ ਭੇਜ ਦਿਤੀ ਜਿਸ ਨਾਲ ਦਾਰਾ ਸ਼ਿਕੋਹ ਜਲਦੀ ਨਾਲ ਠੀਕ ਹੋ ਗਿਆ।

ਠੀਕ ਹੋ ਜਾਣ ਤੇ, ਦਾਰਾ ਸ਼ਿਕੋਹ ਕੀਮਤੀ ਤੋਹਫ਼ਿਆਂ ਦੇ ਨਾਲ ਗੁਰੂ ਜੀ ਦਾ ਧੰਨਵਾਦ ਕਰਨ ਲਈ ਆਪ ਕੀਰਤਪੁਰ ਆਇਆ। ਸ਼ਾਹ ਜਹਾਨ ਨੇ ਆਪ ਵੀ ਬਹੁਤ ਖੁੱਲਦਿਲੀ ਨਾਲ ਗੁਰੂ ਜੀ ਦਾ ਧੰਨਵਾਦ ਕੀਤਾ ਅਤੇ ਲੰਗਰ ਦੀ ਸਹਾਇਤਾ ਲਈ ਕੁਝ ਜ਼ਮੀਨ ਦੇਣ ਲਈ ਵੀ ਅਰਜ ਕੀਤੀ। ਗੁਰੂ ਜੀ ਨੇ ਸਤਿਕਾਰ ਸਹਿਤ ਇਸ ਅਰਜੋਈ ਤੋਂ ਇਨਕਾਰ ਕਰ ਦਿਤਾ ਕਿਉਂਕਿ ਗੁਰੂ ਜੀ ਲੰਗਰ ਸਧਾਰਨ ਲੋਕਾਂ ਦੀ ਮੇਹਨਤ ਨਾਲ ਕੀਤੀ ਕਮਾਈ ਨਾਲ ਚਲਾਣਾ ਚਾਹੁੰਦੇ ਸੀ।

********************

# ੧੩. ਦਾਰਾ ਸ਼ਿਕੋਹ ਦਾ ਗੁਰੂ ਜੀ ਕੋਲ ਆਉਣਾਂ

**੧੬੫੮** (ਉਮਰ ੨੮ ਸਾਲ): ਮੁਗ਼ਲ ਬਾਦਸ਼ਾਹ ਸ਼ਾਹ ਜਹਾਨ ਦੇ ਚਾਰ ਬੇਟੇ ਸਨ। ਸਭ ਤੋਂ ਵੱਡਾ ਦਾਰਾ ਸ਼ਿਕੋਹ ਅਤੇ ਸਭ ਤੋਂ ਛੋਟਾ ਔਰੰਗਜ਼ੇਬ ਸੀ। ੧੬੫੭ ਵਿਚ, ਜਦ ਸ਼ਾਹ ਜਹਾਨ ਬੀਮਾਰ ਪੈ ਗਿਆ ਤਾਂ ਸ਼ਾਹ ਜਹਾਨ ਨੇ ਆਪਣੇ ਪਿਆਰੇ ਪੁੱਤਰ ਦਾਰਾ ਸ਼ਿਕੋਹ ਨੂੰ ਅਗਲਾ ਬਾਦਸ਼ਾਹ ਨਿਯੁੱਕਤ ਕਰ ਦਿਤਾ। ਔਰੰਗਜ਼ੇਬ ਨੇ ਆਪਣੇ ਦੂਜੇ ਦੋ ਭਰਾਵਾਂ ਨਾਲ ਸਾਜ਼ਸ਼ ਬਣਾਈ ਅਤੇ ਤਿਨਾਂ ਨੇ ਰਲ ਕੇ ਲੜਾਈ ਵਿਚ ਦਾਰਾ ਸ਼ਿਕੋਹ ਨੂੰ ਹਰਾ ਦਿਤਾ। ਦਾਰਾ ਸ਼ਿਕੋਹ ਆਪਣੀ ਜਾਨ ਬਚਾਉਣ ਲਈ ਲਾਹੌਰ ਵੱਲ ਦੌੜ ਗਿਆ।

ਔਰੰਗਜ਼ੇਬ ਨੇ ਦੋਨੋ ਭਰਾਵਾਂ ਨਾਲ ਚਲਾਕੀ ਕੀਤੀ ਅਤੇ ਆਪ ਬਾਦਸ਼ਾਹ ਬਣ ਗਿਆ। ਜਦ ਸ਼ਾਹ ਜਹਾਨ ਬੀਮਾਰੀ ਤੋਂ ਠੀਕ ਹੋਇਆ, ਔਰੰਗਜ਼ੇਬ ਨੇ ਆਪਣੇ ਪਿਤਾ ਅਤੇ ਦੋਨੋ ਭਰਾਵਾਂ ਨੂੰ ਕੈਦ ਕਰ ਲਿਆ ਜਿਹਨਾਂ ਨੇ ਪਹਿਲਾਂ ਦਾਰਾ ਸ਼ਿਕੋਹ ਨੂੰ ਹਰਾਉਣ ਲਈ ਉਸਦੀ ਮਦਦ ਕੀਤੀ ਸੀ। ਦਾਰਾ ਸ਼ਿਕੋਹ ਮੁਗ਼ਲ ਸਾਮਰਾਜ ਦਾ ਬਾਦਸ਼ਾਹ ਬਣਨ ਲਈ ਸਹੀ ਹੱਕਦਾਰ ਸੀ।

ਔਰੰਗਜ਼ੇਬ ਨੇ ਫਿਰ ਦਾਰਾ ਸ਼ਿਕੋਹ ਵੱਲ ਧਿਆਨ ਕੀਤਾ। ਇਸ ਤੋਂ ਪਹਿਲਾ ਕਿ ਦਾਰਾ ਸ਼ਿਕੋਹ ਤਖ਼ਤ ਲਈ ਆਪਣਾ ਹੱਕ ਜਤਾਉਂਦਾ, ਔਰੰਗਜ਼ੇਬ ਉਸਨੂੰ ਖਤਮ ਕਰ ਦੇਣਾ ਚਾਹੁੰਦਾ ਸੀ। ਜਦ ਦਾਰਾ ਸ਼ਿਕੋਹ ਦਿੱਲੀ ਤੋਂ ਲਾਹੌਰ ਵੱਲ ਦੌੜਿਆ, ਉਹ ਗੋਇੰਦਵਾਲ ਦੇ ਕੋਲੋਂ ਲੰਘਿਆ। ਸਤਵੇ ਨਾਨਕ ਉਸ ਵੇਲੇ ਗੋਇੰਦਵਾਲ ਵਿਚ ਹੀ ਸਨ। ਗੁਰੂ ਜੀ ਨੂੰ ਨਮਸਕਾਰ ਕਰਨ ਲਈ ਦਾਰਾ ਸ਼ਿਕੋਹ ਉਥੇ ਰੁਕਿਆ। ਦਾਰਾ ਸ਼ਿਕੋਹ ਬੜੀ ਦੇਰ ਤੋਂ ਸਤਵੇਂ ਗੁਰੂ ਜੀ ਦਾ ਬਹੁਤ ਸਤਿਕਾਰ ਕਰਦਾ ਸੀ। ਉਹ ਇਸ ਲਈ ਵੀ ਗੁਰੂ ਜੀ ਦਾ ਸ਼ੁਕਰਗੁਜ਼ਾਰ ਸੀ ਕਿ ਗੁਰੂ ਜੀ ਦੀ ਡਿਸਪੈਂਸਰੀ ਤੋਂ ਮਿਲੀ ਦਵਾਈ ਨਾਲ ਉਸਦੀ ਜਾਨ ਦਾ ਬਚਾਅ ਹੋਇਆ ਸੀ। ਉਸਨੂੰ ਪਤਾ ਲੱਗਾ ਸੀ ਕਿ ਔਰੰਗਜ਼ੇਬ ਹਾਲੇ ਵੀ ਦਿੱਲੀ ਵਿਚ ਸੀ, ਜੋ ਕਿ ਲੱਗ ਭੱਗ ੩੦੦ ਮੀਲ ਦੂਰ ਸੀ ਅਤੇ ਉਸ ਕਰਕੇ ਘਬਰਾਉਣ ਦੀ ਕੋਈ ਲੋੜ ਨਹੀਂ ਸੀ।

ਲਾਹੌਰ ਤੋਂ ਬਚ ਕੇ ਦੌੜਨ ਵੇਲੇ ਦਾਰਾ ਸ਼ਿਕੋਹ ਕੋਲ ਕੁਝ ਸ਼ਾਹੀ ਖਜ਼ਾਨਾ ਅਤੇ ਫੌਜੀ ਜਰਨੈਲ ਵੀ ਨਾਲ ਸਨ। ਗੁਰੂ ਜੀ ਕੋਲੋਂ ਉਸਨੂੰ ਕਿਸੇ ਮਾਲੀ ਮਦਦ ਦੀ ਲੋੜ ਨਹੀਂ ਸੀ। ਉਹ ਕੋਈ ਲੜਾਕੂ ਯੋਧਾ ਨਹੀਂ ਸੀ। ਉਹ ਲੜਾਈ ਵਿਚ ਔਰੰਗਜ਼ੇਬ ਦਾ ਸਾਹਮਣਾ ਕਰਨ ਤੋਂ ਡਰਦਾ ਸੀ ਜੋ ਇਕ ਸੂਰਬੀਰ ਯੋਧਾ ਸੀ। ਔਰੰਗਜ਼ੇਬ ਦੇ ਕਹਿਰ ਤੋਂ ਬਚਣ ਲਈ, ਦਾਰਾ ਸ਼ਿਕੋਹ ਥਾਂ-ਪਰ-ਥਾਂ ਚਲਦਾ ਰਿਹਾ। ਆਖਰਕਾਰ, ਔਰੰਗਜ਼ੇਬ ਨੂੰ ਪੂਰੀ ਤਰ੍ਹਾਂ ਪਤਾ ਲੱਗ ਗਿਆ ਕਿ ਦਾਰਾ ਸ਼ਿਕੋਹ ਉਸਨੂੰ ਕੋਈ ਵੀ ਨੁਕਸਾਨ ਨਹੀਂ ਪਹੁੰਚਾ ਸਕਦਾ। ਮੁਗ਼ਲ ਬਾਦਸ਼ਾਹ ਹੋਣ ਵਜੋਂ ਉਸਨੇ ਸਾਰੇ ਰਾਜ ਨੂੰ ਕਬਜ਼ੇ ਵਿਚ ਲੈ ਲਿਆ।

********************

# ੧੪. ਰਾਮ ਰਾਏ ਨੂੰ ਬੇ-ਦਖਲ ਕਰਨਾ

**੧੬੬੧** (ਉਮਰ ੩੧ ਸਾਲ): ਔਰੰਗਜ਼ੇਬ ਨੇ ਹਰ ਕਿਸੇ ਬਾਰੇ ਛਾਣਬੀਣ ਕੀਤੀ ਜਿਸ ਨੇ ਵੀ ਉਸਦੇ ਭਰਾ ਦਾਰਾ ਸ਼ਿਕੋਹ ਦੀ ਬਗ਼ਾਵਤ ਵਿਚ ਮਦਦ ਕੀਤੀ ਸੀ। ਜਿਸ ਕਿਸੇ ਦੇ ਬਾਰੇ ਥੋਹੜਾ ਵੀ ਸ਼ੱਕ ਸੀ, ਔਰੰਗਜ਼ੇਬ ਨੇ ਸਭਨਾਂ ਨੂੰ ਮਾਰ ਦਿਤਾ। ਜੋ ਉਸ ਪ੍ਰਤੀ ਪੂਰੀ ਤਰ੍ਹਾਂ ਵਫ਼ਾਦਾਰ ਨਹੀਂ ਸੀ, ਔਰੰਗਜ਼ੇਬ ਉਸਨੂੰ ਮਰਵਾ ਦਿੰਦਾ ਸੀ। ਔਰੰਗਜ਼ੇਬ ਉਹਨਾਂ ਨੂੰ ਮੁਆਫ਼ ਕਰ ਦਿੰਦਾ ਜੋ ਉਸ ਪ੍ਰਤੀ ਪੂਰੀ ਤਰ੍ਹਾਂ ਵਫ਼ਾਦਾਰੀ ਦਿਖਾਉਣ ਦਾ ਵਾਅਦਾ ਕਰਦੇ।

ਦਾਰਾ ਸ਼ਿਕੋਹ ਨੇ ਸਤਵੇਂ ਨਾਨਕ ਪਾਸੋਂ ਕੋਈ ਮਾਲੀ ਮਦਦ ਨਹੀਂ ਲਈ ਸੀ ਜਦ ਉਹ ਗੁਰੂ ਜੀ ਨੂੰ ਗੋਇੰਦਵਾਲ ਵਿਚ ਮਿਲਿਆ ਸੀ। ਉੱਚ ਜਾਤੀ ਨਾਲ ਸਬੰਧ ਰਖਣ ਵਾਲੇ ਹਿੰਦੂ ਨਾਰਾਜ਼ ਸਨ ਕਿ ਗੁਰੂ ਜੀ ਹਰ ਕਿਸੇ ਨੂੰ ਬਰਾਬਰ ਸਨਮਾਨਦੇ ਸਨ। ਉਹ ਇਹ ਵੀ ਜਾਣਦੇ ਸਨ ਕਿ ਮੁਗ਼ਲ ਰਾਜਿਆਂ ਨੇ ਹਿੰਦੂ ਮੰਦਰਾਂ ਤੇ (ਬੁੱਤ ਪੂਜਾ ਦੇ ਕਾਰਨ) ਰੋਕਾਂ ਲਾਈਆਂ ਸਨ, ਪਰ ਸਿੱਖ ਗੁਰਦੁਆਰਿਆਂ ਬਾਾਰੇ ਕੁਝ ਨਹੀਂ ਕਿਹਾ ਸੀ। ਕੁਝ ਹਿੰਦੂ ਆਗੂਆਂ ਨੇ ਹਾਲਾਤਾਂ ਦਾ ਫਾਇਦਾ ਉਠਾਇਆ ਅਤੇ ਗੁਰੂ ਜੀ ਬਾਰੇ ਝੂਠਾ ਇਲਜ਼ਾਮ ਲਗਾ ਦਿਤਾ ਕਿ ਗੁਰੂ ਜੀ ਨੇ ਔਰੰਗਜ਼ੇਬ ਵਿਰੁੱਧ ਦਾਰਾ ਸ਼ਿਕੋਹ ਦੀ ਮਦਦ ਕੀਤੀ ਸੀ। ਔਰੰਗਜ਼ੇਬ ਨੂੰ ਪਹਿਲਾ ਹੀ ਪਤਾ ਸੀ ਕਿ ਛੇਵੇਂ ਨਾਨਕ ਨੇ ਇਕ ਵੱਡੀ ਫੌਜ ਰਖੀ ਹੋਈ ਸੀ। ਉਹ ਸਿੱਖਾਂ ਦੀ ਫੌਜੀ ਤਾਕਤ ਨੂੰ ਵਧਣ ਤੋਂ ਰੋਕਨਾ ਚਾਹੁੰਦਾ ਸੀ। ਔਰੰਗਜ਼ੇਬ ਨੇ ਗੁਰੂ ਜੀ ਨੂੰ ਸੱਦਣ ਦਾ ਫੈਸਲਾ ਕੀਤਾ ਕਿ ਹਿੰਦੂਆਂ ਵਲੋਂ ਲਗਾਏ ਇਲਜ਼ਾਮ ਬਾਰੇ ਉਹ ਸਫਾਈ ਪੇਸ਼ ਕਰਨ ਕਿ ਔਰੰਗਜ਼ੇਬ ਵਿਰੁੱਧ ਲੜਾਈ ਵਿਚ ਗੁਰੂ ਜੀ ਨੇ ਦਾਰਾ ਸ਼ਿਕੋਹ ਦੀ ਮਦਦ ਕੀਤੀ ਸੀ।

ਮਾਰਚ ੧੬੬੧ ਵਿਚ, ਸਤਵੇਂ ਨਾਨਕ ਕੀਰਤਪੁਰ ਵਿਚ ਸਨ ਜਦ ਉਹਨਾਂ ਨੂੰ ਇਕ ਸੱਦਾ ਮਿਲਿਆ ਕਿ ਔਰੰਗਜ਼ੇਬ ਦੇ ਸ਼ਾਹੀ ਦਰਬਾਰ ਵਿਚ ਆ ਕੇ ਸਫ਼ਾਈ ਪੇਸ਼ ਕਰਨ ਕਿ ਉਹਨਾਂ ਨੇ ਦਾਰਾ ਸ਼ਿਕੋਹ ਦੀ ਆਰੋਪਤ ਮਦਦ ਕਿਉਂ ਕੀਤੀ। ਗੁਰੂ ਜੀ ਨੇ ਆਪਣੇ ਵੱਡੇ ਸਪੁੱਤਰ ਰਾਮ ਰਾਏ ਨੂੰ ਆਪਣੇ ਨੁਮਾਇੰਦੇ ਵਜੋਂ ਸਪਸ਼ਟ ਕਰਨ ਲਈ ਔਰੰਗਜ਼ੇਬ ਕੋਲ ਭੇਜਿਆ। ਰਾਮ ਰਾਏ ਉਸ ਵੇਲੇ ਭਾਵੇਂ ਗਿਆਰਾਂ ਸਾਲਾਂ ਦੇ ਸਨ, ਉਹ ਵਿਦਵਾਨ ਅਤੇ ਸਮਝਦਾਰ ਸਨ। ਅਪ੍ਰੈਲ ੧੬੬੧ ਵਿਚ, ਰਾਮ ਰਾਏ ਮੁਗ਼ਲ ਸਾਮਰਾਜ ਦੀ ਰਾਜਧਾਨੀ ਦਿੱਲੀ ਪਹੁੰਚੇ ਅਤੇ ਮਜਨੂੰ ਦਾ ਟਿੱਲਾ ਵਿਖੇ ਠਹਿਰੇ। ਔਰੰਗਜ਼ੇਬ ਨੇ ਰਾਮ ਰਾਏ ਨੂੰ ਕਈ ਤਰੀਕਿਆਂ ਨਾਲ ਪਰਖਿਆ, ਵਿਸ਼ੇਸ ਕਰਕੇ ਉਸਦੇ ਅਧਿਆਤਮਿਕ ਗਿਆਨ ਬਾਰੇ। ਰਾਮ ਰਾਏ ਨੇ ਹਰ ਪਰਖ ਵਿਚ ਸ਼ਾਨਦਾਰ ਸਿਆਣਪ ਪੇਸ ਕੀਤੀ ਅਤੇ ਔਰੰਗਜ਼ੇਬ ਨੇ ਉਸਦੇ ਜੁਆਬਾਂ ਦੀ ਸਰਾਹਨਾ ਕੀਤੀ। ਪਰ ਔਰੰਗਜ਼ੇਬ ਦੇ ਦਰਬਾਰ ਦਾ ਇਕ ਧਾਰਮਿਕ ਕਾਜ਼ੀ ਖ਼ੁਸ਼ ਨਹੀਂ ਸੀ ਕਿ ਬਾਦਸ਼ਾਹ ਇਕ ਗੈਰ-ਮੁਸਲਿਮ ਤੋਂ ਪ੍ਰਭਾਵਤ ਹੋ ਰਿਹਾ ਸੀ।

ਕਾਜ਼ੀ ਬਾਦਸ਼ਾਹ ਦੇ ਧਿਆਨ ਨੂੰ ਗੁਰੂ ਜੀ ਵਲੋਂ ਹਟਾਨਾ ਚਾਹੁੰਦਾ ਸੀ। ਕਾਜ਼ੀ ਨੇ ਇਕ ਦਿਨ ਦਰਬਾਰ ਵਿਚ ਹੀ ਔਰੰਗਜ਼ੇਬ ਨੂੰ ਉਕਸਾਇਆ ਕਿ ਉਹ ਆਦਿ ਗ੍ਰੰਥ ਵਿਚ ਆਉਂਦੀ ਇਕ ਤੁਕ ਦੀ ਵਿਆਖਿਆ ਬਾਰੇ ਰਾਮ ਰਾਏ ਨੂੰ ਪੁੱਛਣ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਤੁਕ ਪੰਨਾ ੪੬੬ ਤੇ ਇਸਤਰ੍ਹਾਂ ਹੈ:

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥

ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥

ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ ॥

ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ ॥2॥

**ਅਲੰਕਾਰਕ ਸੰਦੇਸ਼:** ਮੁਸਲਮਾਨ ਇਹ ਖ਼ਿਆਲ ਕਰਦੇ ਹਨ ਕਿ ਮਰਨ ਤੋਂ ਪਿਛੋਂ ਜਿਨ੍ਹਾਂ ਦਾ ਸਰੀਰ ਸਾੜਿਆ ਜਾਂਦਾ ਹੈ, ਉਹ ਦੋਜ਼ਕ ਦੀ ਅੱਗ ਵਿਚ ਸੜਦੇ ਹਨ, ਪਰ ਉਸ ਥਾਂ ਦੀ ਮਿੱਟੀ ਜਿੱਥੇ ਮੁਸਲਮਾਨ ਮੁਰਦੇ ਦੱਬਦੇ ਹਨ ਕਈ ਵਾਰੀ ਕੁਮ੍ਹਿਆਰ ਦੇ ਵੱਸ ਪੈ ਜਾਂਦੀ ਹੈ। ਭਾਵ, ਉਹ ਮਿੱਟੀ ਚੀਕਣੀ ਹੋਣ ਕਰਕੇ ਕੁਮ੍ਹਿਆਰ ਲੋਕ ਕਈ ਵਾਰੀ ਉਹ ਮਿੱਟੀ ਭਾਂਡੇ ਬਣਾਣ ਲਈ ਲੈ ਆਉਂਦੇ ਹਨ; ਕੁਮ੍ਹਿਆਰ ਉਸ ਮਿੱਟੀ ਨੂੰ ਘੜ ਕੇ ਉਸ ਦੇ ਭਾਂਡੇ ਤੇ ਇੱਟਾਂ ਬਣਾਉਂਦਾ ਹੈ, ਤੇ ਆਵੀ ਵਿਚ ਪੈ ਕੇ ਉਹ ਮਿੱਟੀ ਮਾਨੋ ਸੜਦੀ ਹੋਈ ਪੁਕਾਰ ਕਰਦੀ ਹੈ, ਸੜ ਕੇ ਵਿਚਾਰੀ ਰੋਂਦੀ ਹੈ ਤੇ ਉਸ ਵਿਚੋਂ ਅੰਗਿਆਰੇ ਝੜ ਝੜ ਕੇ ਡਿਗਦੇ ਹਨ, ਪਰ ਇਸਦਾ ਸਰੀਰ ਦੇ ਸਾੜਨ ਜਾਂ ਦੱਬਣ ਨਾਲ ਕੋਈ ਸੰਬੰਧ ਨਹੀਂ ਹੈ, ਹੇ ਨਾਨਕ! ਜਿਸ ਕਰਤਾਰ ਨੇ ਜਗਤ ਦੀ ਮਾਇਆ ਰਚੀ ਹੈ, ਉਹ ਅਸਲ ਭੇਦ ਨੂੰ ਜਾਣਦਾ ਹੈ।2।

ਸਿੱਖ ਧਾਰਣਾਵਾਂ ਅਨੁਸਾਰ, ਜਦ ਆਤਮਾ ਇਸ ਸਰੀਰ ਨੂੰ ਛੱਡ ਦਿੰਦੀ ਹੈ ਤਾਂ ਕੋਈ ਫਰਕ ਨਹੀਂ ਪੈਂਦਾ, ਭਾਵੇਂ ਇਸ ਸਰੀਰ ਨੂੰ ਦਬਾ ਦਿਤਾ ਜਾਵੇ ਜਾਂ ਦਫ਼ਨ ਕਰ ਦਿਤਾ ਜਾਵੇ। ਜਿਤਨੀ ਦੇਰ ਕੋਈ ਵਿਅੱਕਤੀ ਜ਼ਿੰਦਾ ਹੈ, ਉਸਦੀ ਦੀ ਆਤਮਾ ਦਾ ਸਤਰ ਉਸਦੇ ਕਰਮਾਂ ਤੋਂ ਜਾਣਿਆ ਜਾਂਦਾ ਹੈ।

ਇਸਲਾਮ ਵਿਚ ਮਰ ਚੁੱਕੇ ਸਰੀਰ ਨੂੰ ਜਲਾਉਣਾ ਇਕ ਪਾਪ ਅਤੇ ਬਹੁਤ ਬੁਰੀ ਸਜ਼ਾ ਹੈ। ਅਜਿਹਾ ਹਵਾਲਾ ਕਿਸੇ ਵੀ ਮੁਸਲਮਾਨ ਨੂੰ ਭੜਕਾਣ ਵਾਲਾ ਸਮਝਿਆ ਜਾ ਸਕਦਾ ਹੈ। ਔਰੰਗਜ਼ੇਬ ਨੂੰ ਖ਼ੁਸ਼ ਕਰਨ ਲਈ, ਰਾਮ ਰਾਏ ਨੇ ਸ਼ਬਦ '*ਮੁਸਲਮਾਨ*' ਹਟਾ ਕੇ '*ਬੇਈਮਾਨ*' ਕਰ ਦਿਤਾ। ਸਿੱਖੀ ਧਾਰਣਾਵਾ ਅਨੁਸਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਸ਼ਬਦ ਨੂੰ ਬਦਲਣਾ ਬੇਅਦਬੀ ਜਾਂ ਕੁਕਰਮ ਹੈ।

ਜਦ ਸਤਵੇਂ ਨਾਨਕ ਜੀ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਉਹਨਾਂ ਨੇ ਰਾਮ ਰਾਏ ਦੇ ਇਸ ਕਰਤਬ ਨੂੰ ਅਪ੍ਰਵਾਨ ਕੀਤਾ ਅਤੇ ਰਾਮ ਰਾਏ ਨੂੰ ਵਾਪਸ ਆਉਣ ਤੋਂ ਮਨ੍ਹਾਂ ਕਰ ਦਿਤਾ। ਸਤਵੇਂ ਨਾਨਕ ਨੇ ਸਿੱਖਾਂ ਨੂੰ ਆਗਿਆ ਕੀਤੀ ਕਿ ਰਾਮ ਰਾਏ ਨਾਲ ਕੋਈ ਸਬੰਧ ਨਾ ਰਖਣ। ਸਿੱਖ ਸੰਗਤ ਨੇ ਰਾਮ ਰਾਏ ਨੂੰ ਤਿਆਗ ਦਿਤਾ। ਰਾਮ ਰਾਏ ਮਦਦ ਲਈ ਔਰੰਗਜ਼ੇਬ ਕੋਲ ਗਿਆ। ਔਰੰਗਜ਼ੇਬ ਨੇ ਸਿੱਖਾਂ ਵਿਚ ਪੈਦਾ ਹੋਈ ਵਿਰੋਧਤਾ ਨੂੰ ਉਛਾਲਣਾ ਹੀ ਸਿਆਣਪ ਸਮਝਿਆ। ਉਸਨੇ ਰਾਮ ਰਾਏ ਨੂੰ ਕੁਝ ਜ਼ਮੀਨ ਦੇ ਦਿਤੀ ਜਿਥੇ ਉਸਨੇ ਆਪਣਾ ਡੇਹਰਾ (ਰਹਿਣ ਦੀ ਜਗਹ) ਬਣਾ ਲਿਆ। ਅੱਜ ਕਲ੍ਹ ਇਸ ਜਗਹ ਨੂੰ ਦੇਹਰਾਦੂਨ ਕਿਹਾ ਜਾਂਦਾ ਹੈ। ਇਹ ਜਗਹ ਦਿੱਲੀ ਤੋਂ ਉੱਤਰ ਦਿਸ਼ਾ ਦੀ ਤਰਫ਼ ਹਿਮਾਲਾ ਦੀਆਂ ਪਹਾੜੀਆ ਵਿਚ ਦਿੱਲੀ ਤੋਂ ਕੋਈ ੧੫੦ ਮੀਲ ਦੂਰ ਹੈ।

********************

# ੧੫. ਅਧਿਆਤਮਿਕ ਜੋਤ ਦਾ ਬਦਲਾਅ

**੧੬੬੧** (ਉਮਰ ੩੧ ਸਾਲ): ਸਤਵੇਂ ਨਾਨਕ ਗੁਰੂ ਹਰਿ ਰਾਏ ਜੀ ਅਕਤੂਬਰ ੬, ੧੬੬੧ ਨੂੰ ੩੧ ਸਾਲ ਦੀ ਉਮਰ ਵਿਚ ਜੋਤੀ ਜੋਤ ਸਮਾ ਗਏ। ਆਪ ਜੀ ਨੇ ਇਸ ਤੋਂ ਪਹਿਲਾਂ ਆਪਣੇ ਛੋਟੇ ਸਪੁੱਤਰ ਹਰਿ ਕ੍ਰਿਸ਼ਨ ਜੀ ਨੂੰ ਅਠਵੇਂ ਨਾਨਕ ਵਜੋਂ ਨਿਯੁੱਕਤ ਕਰ ਦਿਤਾ ਸੀ। ਆਪ ਜੀ ਨੇ ਆਪਣੇ ਉਤਰਾਧਿਕਾਰੀ ਨੂੰ ਦਸ ਦਿਤਾ ਸੀ ਕਿ ਕਿਸੇ ਵੀ ਸਿੱਖੀ ਅਸੂਲ ਨਾਲ ਸਮਝੌਤਾ ਨਹੀਂ ਕਰਨਾ, ਭਾਵੇਂ ਅਗੋਂ ਔਰੰਗਜ਼ੇਬ ਵਰਗਾ ਸ਼ਕਤੀਸ਼ਾਲੀ ਮੁਗ਼ਲ ਬਾਦਸ਼ਾਹ ਹੀ ਕਿਉਂ ਨਾ ਹੋਵੇ।

ਸਤਵੇਂ ਨਾਨਕ ਦਾ ਸਸਕਾਰ ਸਤਲੁਜ ਦਰਿਆ ਦੇ ਕੰਢੇ ਕੀਤਾ ਗਿਆ। ਉਸਤੋਂ ਬਾਅਦ, ਕੀਰਤਪੁਰ ਦੇ ਵਸਨੀਕਾਂ ਨੇ ਇਸ ਜਗਹ ਨੂੰ ਸਸਕਾਰ ਦੇ ਤੌਰ ਤੇ ਵਰਤਿਆ। ੨੦ਵੀਂ ਸਦੀ ਦੇ ਦੂਸਰੇ ਅੱਧ ਵਿਚ, ਸਿੱਖਾਂ ਨੇ ਇਸ ਸਥਾਨ ਤੇ ਗੁਰਦੁਆਰਾ ਪਤਾਲਪੁਰੀ ਦੀ ਉਸਾਰੀ ਕਰ ਲਈ ਅਤੇ ਸਤਿਲੁਜ ਵਿਚ ਮਿਰਤਕ-ਸਸਕਾਰ ਤੋਂ ਬਾਦ ਅਸਥੀਆਂ ਦਾ ਜਲ-ਪ੍ਰਵਾਹ ਕਰਨ ਲਗ ਪਏ। ਫਿਰ ਵੀ ਇਹ ਗਲ ਸਮਝਚੀ ਚਾਹੀਦੀ ਹੈ ਕਿ ਕੀਰਤਪੁਰ ਦੇ ਸਥਾਨ ਤੇ ਦਰਿਆ ਵਿਚ ਅਸਥੀਆਂ ਦਾ ਜਲ-ਪ੍ਰਵਾਹ ਕਰਨਾ ਕੋਈ ਵਿਸ਼ੇਸ ਆਧਿਆਤਮਿਕ ਮਹੱਤਵ ਨਹੀਂ ਰਖਦਾ।

ਸਤਵੇਂ ਨਾਨਕ ਨੇ ੩੧ ਸਾਲ ਜੀਵਨ ਜੀਵਿਆ। ਇਸ ਦੌਰਾਨ ਆਪ ਜੀ ਨੇ ਸਿੱਖ ਪੰਥ ਦੀ ਕਈ ਤਰ੍ਹਾਂ ਸੇਵਾ ਕੀਤੀ। ਆਪ ਜੀ ਨੇ ੧੭ ਸਾਲ ਗੁਰੂ ਵਜੋਂ ਸੇਵਾ ਕੀਤੀ। ਆਪ ਜੀ ਗੁਰਬਾਣੀ ਵਿਚ ਭਿੱਜੇ ਹੋਏ ਸੰਤ-ਪੁਰਸ਼ ਸਨ ਜਿਹਨਾਂ ਨੇ ਦੂਰ ਨੇੜੇ ਯਾਤਰਾ ਕਰਕੇ ਗੁਰੂ ਨਾਨਕ ਦੇ ਸ਼ਬਦ ਦਾ ਪਰਸਾਰ ਕੀਤਾ ਅਤੇ ਲੋਕਾਂ ਨੂੰ ਸਿੱਖ ਪੰਥ ਦੇ ਘੇਰੇ ਵਿਚ ਲਿਆਂਦਾ।ਆਪ ਜੀ ਨੇ ਆਪਣੇ ਪ੍ਰਤਿਨਿਧਿਆਂ ਨੂੰ ਪੂਰਬੀ ਭਾਰਤ ਤੋਂ ਅਗੇਰੇ ਰਾਜਸਥਾਨ, ਕਸ਼ਮੀਰ ਉੱਤਰ ਪ੍ਰਦੇਸ, ਬਿਹਾਰ, ਬੰਗਾਲ, ਆਸਾਮ ਅਤੇ ਕਾਬੁਲ ਤੱਕ ਭੇਜਿਆ।

ਸਤਵੇਂ ਨਾਨਕ ਨੇ ਗੁਰਬਾਣੀ ਦੀ ਰਚਨਾ ਨਹੀਂ ਕੀਤੀ, ਪਰ ਆਪ ਜੀ ਸਿੱਖ ਇਤਿਹਾਸ, ਫ਼ਲਸਫ਼ਾ, ਔਸ਼ਧਾਲਿਆ, ਰਾਜਨੀਤੀ, ਸ਼ਸਤਰਬਾਜੀ ਅਤੇ ਘੋੜ-ਸਵਾਰੀ ਬਾਰੇ ਪੂਰੀ ਤਰ੍ਹਾਂ ਗਿਆਨਵਾਨ ਸਨ। ਬਹੁਤ ਸਾਰੇ ਹਿੰਦੂ ਰਾਜਿਆਂ ਅਤੇ ਮੁਖੀਆਂ ਨਾਲ ਆਪ ਜੀ ਦੇ ਮਿਤਰਾਂ ਵਾਲੇ ਸਬੰਧ ਸਨ। ਮੁਗ਼ਲ ਬਾਦਸ਼ਾਹ ਸ਼ਾਹ ਜਹਾਨ ਦਾ ਪਲੇਠਾ ਸਪੁੱਤਰ ਦਾਰਾ ਸ਼ਿਕੋਹ ਵੀ ਆਪ ਜੀ ਦਾ ਪ੍ਰਸੰਸਕ ਸੀ ਜੋ ਆਪ ਜੀ ਨੂੰ ਕੀਰਤਪੁਰ ਵਿਚ ਮਿਲਣ ਆਇਆ ਸੀ।

ਸਤਵੇਂ ਨਾਨਕ ਨੇ ਇਕ ਵੱਡੀ ਫੌਜ ਵੀ ਰਖੀ ਹੋਈ ਸੀ। ਫਿਰ ਵੀ, ਆਪ ਜੀ ਨੇ ਇਸ ਨੂੰ ਕਿਸੇ ਵੀ ਜ਼ਮੀਨ ਜਾਂ ਦੌਲਤ ਖਾਤਰ ਹਮਲਾ ਕਰਨ ਲਈ ਨਹੀਂ ਵਰਤਿਆ। ਆਪ ਜੀ ਦੀ ਫੌਜ ਸਿਰਫ਼ ਸਿੱਖ ਅਦਾਰੇ ਅਤੇ ਪੰਥ ਦੀ ਰਖਿਆ ਕਰਿਆ ਕਰਦੀ ਸੀ। ਛੇਵੇਂ ਨਾਨਕ ਕੋਲ ਵੀ ਫੌਜ ਹੁੰਦੀ ਸੀ ਪਰ ਇਸਨੂੰ ਕਿਸੇ ਵੀ ਹਮਲਾ ਜਾਂ ਅਤਿਆਚਾਰ ਵਾਸਤੇ ਨਹੀਂ ਸੀ ਵਰਤਿਆ।

********************

# ੧੯. ਗੁਰੂ ਹਰਿ ਰਾਏ ਜੀ ਦੀਆਂ ਵਿਸ਼ੇਸ਼ਤਾਈਆਂ

੧੬੩੦ – ੧੬੬੧

| | |
|---|---|
| ਜਨਮ: | ਜਨਵਰੀ ੧੬, ੧੬੩੦ |
| ਜਨਮ ਸਥਾਨ | ਕੀਰਤਪੁਰ |
| ਪਿਤਾ/ਮਾਤਾ ਜੀ | ਭਾਬਾ ਗੁਰਦਿੱਤਾ ਜੀ ਅਤੇ ਮਾਤਾ ਨਿਹਾਲ ਕੌਰ ਜੀ (ਮਾਤਾ ਅਨੰਤੀ ਵਜੋਂ ਵੀ ਜਾਣੇ ਜਾਂਦੇ) |
| ਬੱਚੇ | ਰਾਮ ਰਾਏ (ਸਪੁੱਤਰ, ਜਨਮ ੧੬੪੭)<br>ਰੂਪ ਕੌਰ (੧੬੪੯)<br>ਹਰਿ ਕ੍ਰਿਸ਼ਨ (ਸਪੁੱਤਰ, ਜਨਮ ੧੬੫੬; ਬਾਅਦ ਵਿਚ ਗੁਰੂ ਜੀ) |
| ਗੁਰਗੱਦੀ | ਮਾਰਚ ੩, ੧੬੪੪, ਉਮਰ ੧੪ ਸਾਲ |
| ਜੋਤੀ ਜੋਤ ਸਮਾਏ | ਅਕਤੂਬਰ ੬, ੧੬੬੧, ਉਮਰ ੩੧ ਸਾਲ |
| ਬਾਣੀ | ਕੋਈ ਨਹੀਂ. |
| ਵਿਸ਼ੇਸ਼ ਯੋਗਦਾਨ | ਕੀਰਤਪੁਰ ਵਿਚ ਇਕ ਵਿਸ਼ਾਲ ਡਿਸਪੈਂਸਰੀ ਸ਼ੁਰੂ ਕੀਤੀ, ਯੋਗ ਡਾਕਟਰ ਭਰਤੀ ਕੀਤੇ ਅਤੇ ਸਾਰੇ ਦੇਸ ਵਿਚੋਂ ਦਵਾਈਆ ਮੰਗਵਾਈਆ। ਹਰ ਲੋੜਵੰਦ ਨੂੰ ਮੁਫ਼ਤ ਦਵਾਈ ਦਿਤੀ ਜਾਂਦੀ ਸੀ ਅਤੇ ਇਲਾਜ ਕੀਤਾ ਜਾਂਦਾ ਸੀ।<br><br>ਕੀਰਤਪੁਰ ਵਿਚ ਹੀ ਇਕ ਆਯੁਰਵੈਦਿਕ ਜੜੀ ਬੂਟੀ ਦਵਾਈਆਂ ਦਾ ਹਸਪਤਾਲ ਅਤੇ ਇਕ ਖੋਜ ਕੇਂਦਰ ਸਥਾਪਤ ਕੀਤਾ।<br><br>ਆਪ ਜੀ ਨੇ ਆਪਣੇ ਵੱਡੇ ਪੁੱਤਰ ਰਾਮ ਰਾਏ ਨੂੰ ਗੁਰਗੱਦੀ ਨਾ ਦਿਤੀ ਕਿਉਂਕਿ ਰਾਮ ਰਾਏ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਇਕ ਅੱਖਰ ਬਦਲ ਦਿਤਾ ਸੀ ਜਦ ਉਹ ਔਰੰਗਜ਼ੇਬ ਨਾਲ ਗੱਲ ਬਾਤ ਕਰ ਰਿਹਾ ਸੀ। ਇਸ ਦੀ ਬਜਾਏ, ਆਪ ਜੀ ਨੇ ਆਪਣੇ ਛੋਟੇ ਸਪੁੱਤਰ ਹਰਿ ਕ੍ਰਿਸ਼ਨ ਨੂੰ ਗੁਰਗੱਦੀ ਦਿਤੀ। |

# ਅਠਵੇਂ ਨਾਨਕ

## ਗੁਰੂ ਹਰਿ ਕ੍ਰਿਸ਼ਨ ਜੀ

# ੧੭. ਮੁੱਢਲਾ ਜੀਵਨ ਅਤੇ ਗੁਰਗੱਦੀ

**੧੬੫੬** (ਜਨਮ): ਹਰਿ ਕ੍ਰਿਸ਼ਨ ਜੀ ਦਾ ਜਨਮ ੭ ਜੁਲਾਈ, ੧੬੫੬ ਨੂੰ ਕੀਰਤਪੁਰ ਵਿਖੇ ਹੋਇਆ। ਆਪ ਜੀ ਗੁਰੂ ਹਰਿ ਰਾਏ ਜੀ ਅਤੇ ਮਾਤਾ ਕ੍ਰਿਸ਼ਨ ਕੌਰ (ਸੁਲੱਖਣੀ) ਦੇ ਛੋਟੇ ਸਪੁੱਤਰ ਸਨ। ਰਾਮ ਰਾਏ ਆਪ ਜੀ ਦਾ ਵੱਡਾ ਭਰਾ ਸੀ। ਹਰਿ ਕ੍ਰਿਸ਼ਨ ਜੀ ਬਾਬਾ ਗੁਰਦਿਤਾ ਦੇ ਪੋਤਾ ਅਤੇ ਛੇਵੇਂ ਨਾਨਕ ਗੁਰੂ ਹਰਿ ਗੋਬਿੰਦ ਜੀ ਦੇ ਪ੍ਰੋਤੜਾ ਸਨ।

<table>
<tr><th></th><th>ਸਪੁੱਤਰ</th><th>ਸਪੱਤਰ</th><th>ਸਪੁੱਤਰ</th></tr>
<tr><td rowspan="7">ਗੁਰੂ ਹਰਿਗੋਬਿੰਦ ਜੀ (ਛੇਵੇਂ ਨਾਨਕ )</td><td rowspan="3">ਬਾਬਾ ਗੁਰਦਿਤਾ</td><td>ਬਾਬਾ ਧੀਰ ਮਲ</td><td></td></tr>
<tr><td rowspan="2">(ਗੁਰੂ ਹਰਿ ਰਾਏ ਜੀ<br>(ਸਤਵੇਂ ਨਾਨਕ )</td><td>ਬਾਬਾ ਰਾਮ ਰਾਏ</td></tr>
<tr><td>(ਗੁਰੂ ਹਰਿ ਕ੍ਰਿਸ਼ਨ ਜੀ<br>(੮ਵੇਂ ਨਾਨਕ )</td></tr>
<tr><td>ਬਾਬਾ ਅਟਲ ਰਾਏ</td><td rowspan="3"></td><td rowspan="4"></td></tr>
<tr><td>ਬਾਬਾ ਸੂਰਜ ਮਲ</td></tr>
<tr><td>ਬਾਬਾ ਅਣੀ ਰਾਏ</td></tr>
<tr><td>(ਗੁਰੂ ਤੇਗ ਬਹਾਦਰ ਜੀ<br>(੯ਵੇਂ ਨਾਨਕ)</td><td>(ਗੁਰੂ) ਗੋਬਿੰਦ ਸਿੰਘ ਜੀ<br>(੧੦ਵੇਂ ਨਾਨਕ)</td></tr>
</table>

ਹਰਿ ਕ੍ਰਿਸ਼ਨ ਜੀ ਨੇ ਆਪਣੇ ਜੀਵਨ ਦਾ ਸਾਰਾ ਸਮਾਂ, ਆਖਰੀ ਦੋ ਹਫ਼ਤੇ ਤੋਂ ਬਿਨਾਂ, ਕੀਰਤਪੁਰ ਵਿਖੇ ਗੁਜ਼ਾਰਿਆ। ਵਿਦਿਅੱਕ ਵਿਸ਼ਿਆਂ ਦੀ ਲਗਾਤਾਰ ਪੜ੍ਹਾਈ ਦੇ ਨਾਲ, ਆਪ ਜੀ ਨੇ ਗੁਰਮਤ ਵਿਚ ਵੀ ਉਤਮ ਵਿੱਦਿਆ ਪ੍ਰਾਪਤ ਕੀਤੀ।

**੧੬੬੧** (ਉਮਰ ੫ ਸਾਲ): ਸਤਵੇਂ ਨਾਨਕ ਨੇ ਆਪਣੇ ਵੱਡੇ ਪੁੱਤਰ ਰਾਮ ਰਾਏ ਨੂੰ ਗੁਰਗੱਦੀ ਨਹੀਂ ਦਿਤੀ ਸੀ, ਕਿਉਂਕਿ ਉਸਨੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਖ਼ੁਸ਼ ਕਰਨ ਲਈ ਗੁਰੂ ਨਾਨਕ ਦੀ ਬਾਣੀ ਬਦਲ ਦਿਤੀ ਸੀ। (ਚੈਪਟਰ ੧੪)। ਪੰਜ ਸਾਲ ਦੀ ਉਮਰ ਵਿਚ, ਗੁਰੂ ਹਰਿ ਰਾਏ ਜੀ ਨੇ ਆਪਣੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ੧੬੬੧ ਵਿਚ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਅੱਠਵਾਂ ਨਾਨਕ ਘੋਸ਼ਤ ਕਰ ਦਿਤਾ। (ਚੈਪਟਰ ੧੫)

# ੧੮. ਛੱਜੂ ਅਤੇ ਗੀਤਾ ਦੀ ਗਾਥਾ

**੧੬੬੪** (ਉਮਰ ੮ ਸਾਲ): ਅਠਵੇਂ ਨਾਨਕ ਦੇ ਜੀਵਨ ਨਾਲ ਸਬੰਧਤ ਇਕ ਆਮ ਜਾਣੀ ਜਾਂਦੀ ਗਾਥਾ ਹੈ ਜਦ ਗੁਰੂ ਜੀ ਨੇ ਇਕ ਅਨਪੜ੍ਹ ਲਗਦੇ ਸਿੱਖ ਪਾਸੋਂ ਗੀਤਾ, ਜੋ ਇਕ ਹਿੰਦੂ ਧਾਰਮਿਕ ਗ੍ਰੰਥ ਹੈ, ਦੀ ਇਕ ਤੁਕ ਦੀ ਵਿਆਖਿਆ ਕਰਵਾਈ

ਇਹ ਗਾਥਾ ਇਵੇਂ ਚਲਦੀ ਹੈ: ਅਠਵੇਂ ਨਾਨਕ ਦਿੱਲੀ ਜਾਣ ਲਈ ਕੀਰਤਪੁਰ ਤੋਂ ਚੱਲ ਪਏ। ਜਾਂਦਿਆਂ ਹੋਇਆਂ ਆਪ ਜੀ ਅੰਬਾਲਾ (ਹੁਣ ਹਰਿਆਣਾ ਵਿਚ) ਨੇੜੇ ਪੰਜੋਖੜਾ ਵਿਖੇ ਰੁਕੇ। ਇਥੇ ਆਪ ਜੀ ਇਕ ਪ੍ਰਸਿਧ ਬ੍ਰਹਮਣ ਲਾਲ ਚੰਦ ਨੂੰ ਮਿਲੇ, ਜੋ ਬ੍ਰਾਹਮਣ ਬਰਾਦਰੀ ਦਾ ਪੁਜਾਰੀ ਸੀ। ਪੁਜਾਰੀ ਜਾਣਦਾ ਸੀ ਕਿ ਸਿੱਖਾਂ ਨੇ ਗੁਰੂ ਨਾਨਕ ਦੇ ਸਮੇਂ ਤੋਂ ਮੂਰਤੀ ਪੂਜਾ ਅਤੇ ਕਰਮਕਾਂਡਾਂ ਦਾ ਖੰਡਨ ਕੀਤਾ ਸੀ। ਬਹੁਤੇ ਹਿੰਦੂ ਸਿੱਖਾਂ ਅਤੇ ਸਿੱਖਾਂ ਦੇ ਗੁਰੂਆਂ ਪ੍ਰਤੀ ਦੁਸ਼ਮਣੀ ਰਖਦੇ ਸਨ। ਇਸਤਰ੍ਹਾਂ ਬ੍ਰਾਹਮਣ ਪੁਜਾਰੀਆਂ ਦੀ ਕਮਾਈ ਘਟ ਗਈ ਸੀ ਕਿਉਂਕਿ ਜਿਹੜੇ ਸਿੱਖ ਬਣ ਗਏ, ਉਹਨਾਂ ਨੇ ਧਾਰਮਿਕ ਅਗਵਾਈ ਲਈ ਹਿੰਦੂ ਪੁਜਾਰੀਆਂ ਕੋਲ ਜਾਣਾ ਬੰਦ ਕਰ ਦਿਤਾ ਸੀ।

ਕਹਾਣੀ ਇਸਤਰ੍ਹਾਂ ਹੈ ਕਿ ਲਾਲ ਚੰਦ ਸ਼ੇਖ਼ੀ ਮਾਰਿਆ ਕਰਦਾ ਸੀ ਕਿ ਉਹ ਸਾਰੇ ਹਿੰਦੂ ਧਾਰਮਿਕ ਗ੍ਰੰਥ ਜਾਣਦਾ ਸੀ। ਉਹ ਜਾਣ ਬੁੱਝ ਕੇ ਗੁਰੂ ਜੀ ਨੂੰ ਮਿਲਣ ਗਿਆ ਜਦ ਗੁਰੂ ਜੀ ਸੰਗਤ ਵਿਚ ਬੈਠੇ ਗੱਲ ਬਾਤ ਕਰ ਰਹੇ ਸਨ। ਬਹੁਤ ਸਾਰੇ ਲੋਕ ਹਾਜ਼ਰੀ ਵਿਚ ਸਨ। ਪੁਜਾਰੀ ਨੇ ਸਾਰਿਆਂ ਨੂੰ ਇਹ ਦਿਖਾਉਣ ਦਾ ਫ਼ੈਸਲਾ ਕੀਤਾ ਕਿ ਇਹ ਸਿੱਖ ਗੁਰੂ, ਜੋ ਬਹੁਤ ਛੋਟੀ ਉਮਰ ਦਾ ਸੀ (ਸਿਰਫ਼ ਅੱਠ ਸਾਲ), ਉਸਨੂੰ ਧਾਰਮਿਕ ਗ੍ਰੰਥਾਂ ਬਾਰੇ ਜਿਵੇਂ ਵੇਦ, ਪੁਰਾਣ ਅਤੇ ਗੀਤਾ ਬਾਰੇ ਕੋਈ ਪਤਾ ਨਹੀਂ ਸੀ।

ਲਾਲ ਚੰਦ ਨੇ ਗੀਤਾ ਵਿਚੋਂ ਇਕ ਤੁਕ ਬੋਲੀ ਅਤੇ ਉਸਦੀ ਵਿਆਖਿਆ ਕਰਨ ਲਈ ਗੁਰੂ ਜੀ ਨੂੰ ਕਿਹਾ। ਗੁਰੂ ਜੀ ਨੇ ਜੁਆਬ ਦਿਤਾ ਕਿ ਬੈਠੇ ਸਰੋਤਿਆਂ ਵਿਚ ਕੋਈ ਵੀ ਸਿੱਖ ਇਸ ਦੀ ਵਿਆਖਿਆ ਕਰ ਸਕਦਾ ਹੈ। ਲਾਲ ਚੰਦ ਨੂੰ ਇਸ ਤੇ ਵਿਸ਼ਵਾਸ਼ ਨਾ ਆਇਆ। ਉਸਨੇ ਕਿਹਾ ਕਿ ਕੀ ਪੁਜਾਰੀ ਆਪ ਹੀ ਇਹਨਾਂ ਸਰੋਤਿਆਂ ਵਿਚੋਂ ਕਿਸੇ ਵਿਅੱਕਤੀ ਨੂੰ ਕਹਿ ਸਕਦਾ ਸੀ, ਤਾਂ ਗੁਰੂ ਜੀ ਮੰਨ ਗਏ। ਲਾਲ ਚੰਦ ਨੇ ਛੱਜੂ ਰਾਮ ਨੂੰ ਚੁਣ ਲਿਆ, ਜੋ ਨੀਵੀਂ ਜਾਤੀ ਦਾ ਇਕ ਅਨਪੜ੍ਹ ਵਿਅੱਕਤੀ ਲਗਦਾ ਸੀ। ਗੁਰੂ ਜੀ ਨੇ ਇਕ ਛੜੀ ਉਸ ਛੱਜੂ ਰਾਮ ਵੱਲ ਕੀਤੀ ਅਤੇ ਉਸਨੂੰ ਕਿਹਾ ਕਿ ਉਹ ਇਸ ਤੁਕ ਦੀ ਵਿਆਖਿਆ ਲਾਲ ਚੰਦ ਨੂੰ ਸੁਣਾਵੇ।

ਛੱਜੂ ਰਾਮ ਵਲੋਂ ਕੀਤੀ ਮੰਨਣ ਯੋਗ ਵਿਆਖਿਆ ਨੂੰ ਸੁਣ ਕੇ ਲਾਲ ਚੰਦ ਹੈਰਾਨ ਹੋ ਗਿਆ। ਸਾਰਿਆਂ ਦੇ ਸਾਹਮਣੇ ਲਾਲ ਚੰਦ ਦੀ ਇਹ ਸਾਬਤ ਕਰਨ ਦੀ ਯੋਜਨਾ ਅਸਫਲ ਹੋ ਗਈ ਕਿ ਗੁਰੂ ਜੀ ਨੂੰ ਕਿਸੇ ਹਿੰਦੂ ਗ੍ਰੰਥ ਬਾਰੇ ਕੁਝ ਨਹੀਂ ਪਤਾ। ਉਸਨੇ ਉਸੇ ਵੇਲੇ ਗੁਰੂ ਜੀ ਤੋਂ ਮੁਆਫ਼ੀ ਦੀ ਮੰਗ ਕੀਤੀ। ਉਸਨੇ ਬੜੀ ਨਿਮਰਤਾ ਨਾਲ ਕਿਹਾ ਕਿ ਉਹ ਗੁਰੂ ਜੀ ਦੀ ਅਪਾਰ ਮਹਾਨਤਾ ਨੂੰ ਸਮਝ ਗਿਆ ਹੈ। ਉਸਨੇ ਗੁਰੂ ਜੀ ਤੋਂ ਦਇਆ ਮੇਹਰ ਦੇ ਨਾਲ ਇਸ ਦੁਨਿਆਵੀ ਸਾਗਰ ਤੋਂ ਰਿਹਾਈ ਦੀ ਮੰਗ ਕੀਤੀ। ਬੜੀ ਨਿਮਰਤਾ ਸਹਿਤ ਉਹ ਗੁਰੂ ਜੀ ਦੇ ਚਰਨਾਂ ਤੇ ਡਿੱਗ ਪਿਆ। ਉਹ ਗੁਰੂ ਜੀ ਦਾ ਸ਼ਰਧਾਲੂ ਬਣ ਗਿਆ

ਅਤੇ ਕੁਰਕਸ਼ੇਤਰ ਤੱਕ ਗੁਰੂ ਜੀ ਨਾਲ ਗਿਆ। ਲਾਲ ਚੰਦ ਲਾਲ ਸਿੰਘ ਬਣ ਗਿਆ ਅਤੇ ਗੁਰੂ ਗੋਬਿੰਦ ਸਿੰਘ ਦੇ ਸਿੰਘਾਂ ਨਾਲ ਮਿਲਕੇ ਲੜਨ ਵਾਲੇ ਸਿੱਖਾਂ ਵਿਚੋਂ ਇਕ ਸੀ।

ਕੁਝ ਬ੍ਰਾਹਮਣ ਲੇਖਕਾਂ ਨੇ ਇਸ ਕਹਾਣੀ ਨੂੰ ਵਧੇਰੇ ਕਰਕੇ ਤੋੜਿਆ ਮਰੋੜਿਆ ਹੈ। ਉਹਨਾ ਦਾ ਕਹਿਣਾ ਹੈ ਕਿ ਗੁਰੂ ਜੀ ਨੇ ਛੱਜੂ ਦੇ ਸਿਰ ਨੂੰ ਇਕ ਸੋਟੀ ਨਾਲ ਛੂਹਿਆ ਅਤੇ ਤਾਂ ਹੀ ਉਹ ਤੁਕ ਦੀ ਵਿਆਖਿਆ ਕਰ ਸਕਿਆ। ਉਹ ਇਹ ਦਸਣਾ ਚਾਹੁੰਦੇ ਹਨ ਕਿ ਗੁਰੂ ਜੀ ਕੋਲ ਅਲੌਕਿਕ ਸ਼ਕਤੀਆਂ ਸਨ। ਫਿਰ ਵੀ ਇਹ ਸੱਚ ਨਹੀਂ ਹੋ ਸਕਦਾ ਕਿਉਂਕਿ ਗੁਰੂ ਜੀ ਚਮਤਕਾਰਾਂ ਅਤੇ ਗੁੱਝੀਆਂ ਸ਼ਕਤੀਆਂ ਨੂੰ ਅਰਥਹੀਨ ਮੰਨਦੇ ਸਨ ਕਿਉਂਕਿ ਅਜਿਹੀਆਂ ਸ਼ਕਤੀਆਂ ਵਿਅੱਕਤੀ ਨੂੰ ਪ੍ਰਮਾਤਮਾ ਤੋਂ ਦੂਰ ਲੈ ਜਾਂਦੀਆਂ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੪ ਤੇ ਦਿਤੀਆ ਗੁਰੂ ਨਾਨਕ ਜੀ ਦੀਆਂ ਸਿਖਿਆਵਾਂ ਇੰਜ ਹਨ: “ਜੇ ਮੈਂ ਇਕ ਸਿੱਧ ਬਣ ਜਾਵਾਂ, ਚਮਤਕਾਰ ਕਰ ਦਿਖਾਵਾਂ, ਦੌਲਤਾਂ ਇਕੱਠੀਆ ਕਰ ਲਵਾਂ ਅਤੇ ਮਰਜ਼ੀ ਅਨੁਸਾਰ ਨਜ਼ਰ ਦੇ ਸਾਹਮਣੇ ਆਵਾਂ ਜਾਂ ਅਦਿੱਖ ਹੋ ਜਾਵਾਂ ਤਾਕਿ ਲੋਕੀਂ ਇਹ ਸਭ ਕੁਝ ਦੇਖ ਕੇ ਮੇਰੇ ਪ੍ਰਤੀ ਹੈਰਾਨ ਹੋਵਣ; ਮੈਂ ਸ਼ਾਇਦ ਭਟਕ ਜਾਵਾਂ ਅਤੇ, ਓ ਰੱਬਾ, ਤੈਨੂੰ ਭੁੱਲ ਦੇਵਾਂ! ਅਤੇ ਤੇਰਾ ਨਾਮ ਮੇਰੇ ਚੇਤੇ ਵਿਚ ਨ ਆਵੇ”। ਇਸ ਦੇ ਨਾਲ ਹੀ, ਪੰਜਵੇਂ ਅਤੇ ਨੌਵੇਂ ਨਾਨਕ ਨੇ ਚਮਤਕਾਰ ਦਿਖਾਉਣ ਦੀ ਬਜਾਏ ਆਪਣੇ ਜੀਵਨ ਦਾ ਬਲਿਦਾਨ ਦੇਣਾ ਚੰਗਾ ਸਮਝਿਆ।

********************

# ੧੯. ਤੇਗ਼ ਬਹਾਦਰ ਜੀ ਨੂੰ ਮਿਲਨਾ

**੧੬੬੪** (ਉਮਰ ੮ ਸਾਲ): ਅਠਵੇਂ ਨਾਨਕ ਮਾਰਚ ੨੦, ੧੬੬੪ ਨੂੰ ਦਿੱਲੀ ਪਹੁੰਚੇ। ਆਪ ਜੀ ਰਾਜਾ ਜੈ ਸਿੰਘ ਦੇ ਬੰਗਲੇ ਵਿਚ ਠਹਿਰੇ, ਜੋ ਅੱਜ ਕਲ੍ਹ ਗੁਰਦੁਆਰਾ ਬੰਗਲਾ ਸਾਹਿਬ ਹੈ। ਆਪ ਜੀ ਆਪਣੇ ਦਾਦਾ ਜੀ ਦੇ ਭਰਾ ਤੇਗ਼ ਬਹਾਦਰ ਜੀ ਨੂੰ ਮਾਰਚ ੨੨, ੧੬੬੪ ਨੂੰ ਮਿਲੇ। (ਚੈਪਟਰ ੧੭ ਦੇਖੋ)।

ਤੇਗ਼ ਬਹਾਦਰ ਜੀ ਬਿਹਾਰ, ਬੰਗਾਲ ਅਤੇ ਆਸਾਮ ਦੀਆਂ ਆਪਣੀਆਂ ਮਿਸ਼ਨਰੀ ਯਾਤਰਾਵਾਂ ਤੋਂ ਵਾਪਸ ਆ ਰਹੇ ਸਨ। ਆਪ ਜੀ ੨੧ ਮਾਰਚ, ੧੬੬੪ ਨੂੰ ਦਿੱਲੀ ਪਹੁੰਚੇ। ਉਹਨਾ ਨੂੰ ਪਤਾ ਲੱਗਾ ਕਿ ਅਠਵੇਂ ਨਾਨਕ ਵੀ ਦਿੱਲੀ ਵਿਚ ਸਨ। ਅਗਲੇ ਦਿਨ ਉਹ ਅਠਵੇਂ ਨਾਨਕ ਜੀ ਨੂੰ ਮਿਲਣ ਗਏ। ਉਹ ਅੱਠ ਸਾਲ ਬਾਅਦ ਮਿਲੇ ਸਨ।

ਤੇਗ਼ ਬਹਾਦਰ ਜੀ ਅਠਵੇਂ ਨਾਨਕ ਦੇ ਨਾਲ ਰਾਜਾ ਜੈ ਸਿੰਘ ਦੇ ਬੰਗਲੇ ਦਿੱਲੀ ਵਿਚ ਦੋ ਦਿਨ ਠਹਿਰੇ। ਦੋਨਾਂ ਨੇ ਸਿੱਖ ਪੰਥ ਦੇ ਮਸਲਿਆਂ ਬਾਰੇ ਕਈ ਵਿਚਾਰ ਵਟਾਂਦਰੇ ਕੀਤੇ। ਰਾਮ ਰਾਏ ਦੀ ਤਰਫ਼ਦਾਰੀ ਕਰਦਿਆਂ ਔਰੰਗਜ਼ੇਬ ਵਲੋਂ ਸਿੱਖਾਂ ਦੇ ਮਸਲਿਆਂ ਵਿਚ ਦਖਲ ਅੰਦਾਜ਼ੀ ਕਰਨ ਦੇ ਇਰਾਦੇ ਬਾਰੇ ਵੀ ਵਿਚਾਰ ਕੀਤੇ।

ਮਾਰਚ ੨੪, ੧੬੬੪ ਨੂੰ ਤੇਗ਼ ਬਹਾਦਰ ਜੀ ਪੰਜਾਬ ਵਿਚ ਆਪਣੇ ਘਰ ਬਕਾਲਾ ਜਾਣ ਵਾਸਤੇ ਦਿੱਲੀ ਤੋਂ ਚਲੇ ਗਏ।

********************

# ੨੦. ਔਰੰਗਜ਼ੇਬ ਨੂੰ ਮਿਲਨਾ

**੧੬੬੪** (ਉਮਰ ੮ ਸਾਲ): ਮਾਰਚ ੨੪, ੧੬੬੪ ਨੂੰ ਅਠਵੇਂ ਨਾਨਕ ਜੀ ਨੂੰ ਔਰੰਗਜ਼ੇਬ ਨਾਲ ਮਿਲਨ ਲਈ ਇਕ ਸੱਦਾ ਮਿਲਿਆ। ਮਾਰਚ ੨੫ ਨੂੰ ਗੁਰੂ ਜੀ ਅਤੇ ਉਹਨਾਂ ਦੇ ਵਿਸ਼ਵਾਸ-ਪਾਤਰ ਸਾਥੀ ਦਿੱਲੀ ਵਿਚ ਔਰੰਗਜ਼ੇਬ ਦੇ ਲਾਲ ਕਿਲਾ ਦੇ ਦਰਬਾਰ ਵਿਚ ਮਿਲਣ ਗਏ ਜਿਥੇ ਔਰੰਗਜ਼ੇਬ ਰਹਿੰਦਾ ਸੀ।

ਔਰੰਗਜ਼ੇਬ ਨੇ ਗੁਰੂ ਜੀ ਨੂੰ ਪੁਛਿਆ ਕਿ ਉਹਨਾਂ ਦੇ ਪਿਤਾ ਸਤਵੇਂ ਨਾਨਕ ਨੇ ਉਹਨਾਂ ਦੇ ਵੱਡੇ ਭਰਾ ਦੀ ਬਜਾਏ ਉਹਨਾਂ ਨੂੰ ਗੁਰਗੱਦੀ ਕਿਉਂ ਦਿਤੀ ਸੀ। ਗੁਰੂ ਜੀ ਨੇ ਜੁਆਬ ਦਿਤਾ ਕਿ ਗੁਰਗੱਦੀ ਕੋਈ ਪਿਤਾ-ਪੁਰਖੀ ਜਾਇਦਾਦ ਨਹੀਂ ਜੋ ਪਰਵਾਰ ਵਿਚ ਵੱਡੇ ਪੁੱਤਰ ਨੂੰ ਹੀ ਜ਼ਰੂਰ ਦਿਤੀ ਜਾਵੇ। ਸਤਵੇਂ ਨਾਨਕ ਨੇ ਉਸ ਵਿਅਕਤੀ ਨੂੰ ਗੁਰਗੱਦੀ ਦਿਤੀ ਸੀ ਜਿਸਨੂੰ ਉਹ ਇਸ ਜ਼ਿੰਮੇਦਾਰੀ ਦੇ ਪੂਰਾ ਯੋਗ ਸਮਝਦੇ ਸਨ।

ਔਰੰਗਜ਼ੇਬ ਨੇ ਫਿਰ ਅਠਵੇਂ ਨਾਨਕ ਨੂੰ ਕਿਹਾ ਕਿ ਉਹਨਾਂ ਦੇ ਕੋਲ ਜ਼ਰੂਰ ਕੋਈ ਚਮਤਕਾਰੀ ਸ਼ਕਤੀ ਹੋਵੇਗੀ ਜਿਸ ਕਰਕੇ ਉਹਨਾਂ ਨੂੰ ਗੁਰੂ ਬਣਨ ਵਜੋਂ ਚੁਣਿਆ ਗਿਆ ਸੀ। ਔਰੰਗਜ਼ੇਬ ਨੇ ਚਾਹਿਆ ਕਿ ਗੁਰੂ ਜੀ ਕੋਈ ਚਮਤਕਾਰ ਦਿਖਾਉਣ। ਗੁਰੂ ਜੀ ਨੇ ਕਿਹਾ ਸਿੱਖ ਚਮਤਕਾਰ ਦਿਖਾਉਣ ਵਿਚ ਵਿਸ਼ਵਾਸ ਨਹੀਂ ਕਰਦੇ। ਗੁਰੂ ਜੀ ਨੇ ਕਿਹਾ ਕਿ ਹਰ ਮਨੁੱਖ ਨੂੰ ਅਕਾਲ ਪੁਰਖ ਦਾ ਹੁਕਮ ਮੰਨਣਾ ਚਾਹੀਦਾ ਹੈ, ਨਾ ਕਿ ਕਿਸੇ ਸਥਿਤੀ ਨੂੰ ਬਦਲਣ ਲਈ ਕੋਈ ਉਪਰਾਲਾ ਕਰਨਾ। ਹਰ ਵਿਅੱਕਤੀ ਨੂੰ ਅਕਾਲ ਪੁਰਖ ਵਲ ਧਿਆਨ ਲਗਾਨਾ ਚਾਹੀਦਾ ਹੈ। ਆਮ ਕਰਕੇ, ਕੁਦਰਤ ਦੇ ਨਿਯਮਾਂ ਵਿਰੁੱਧ ਜਾਣ ਨੂੰ ਹੀ ਚਮਤਕਾਰ ਕਿਹਾ ਜਾਂਦਾ ਹੈ। ਔਰੰਗਜ਼ੇਬ ਕੋਲ ਹੋਰ ਕੋਈ ਸਵਾਲ ਨਹੀਂ ਸੀ।

ਗੁਰੂ ਜੀ ਫਿਰ ਲਾਲ ਕਿਲੇ ਤੋਂ ਰਾਜਾ ਜੈ ਸਿੰਘ ਦੇ ਬੰਗਲੇ ਵਲ ਚੱਲ ਪਏ।

**********************

# ੨੧. ਚੀਚਕ ਨਾਲ ਪੀੜਤ ਹੋਣਾ

**੧੬੬੪** (ਉਮਰ ੮ ਸਾਲ): ਅਠਵੇਂ ਨਾਨਕ ਜਦੋਂ ਲਾਲ ਕਿਲੇ ਤੋਂ ਵਾਪਸ ਆ ਰਹੇ ਸਨ, ਤਾਂ ਬਹੁਤ ਸਾਰੇ ਲੋਕ ਆਪ ਜੀ ਨੂੰ ਸਤਿਕਾਰ ਭੇਂਟ ਕਰਨ ਲਈ ਆਏ। ਉਸ ਸਮੇਂ ਦੌਰਾਨ, ਦਿੱਲੀ ਚੀਚਕ ਮਹਾਂਮਾਰੀ ਦੀ ਗ੍ਰਿਫ਼ਤ ਵਿਚ ਸੀ। ਇਸ ਬੀਮਾਰੀ ਨੇ ਬਹੁਤ ਸਾਰੇ ਲੋਕਾਂ ਨੂੰ ਪਕੜ ਰਖਿਆ ਸੀ। ਕੁਝ ਲੋਕ ਜੋ ਗੁਰੂ ਜੀ ਨੂੰ ਮਿਲੇ, ਉਹ ਚੀਚਕ ਨਾਲ ਪੀੜਤ ਸਨ। ਗੁਰੂ ਜੀ ਹਰ ਕਿਸੇ ਨੂੰ ਆਸ਼ੀਰਵਾਦ ਦੇ ਰਹੇ ਸਨ ਜੋ ਵੀ ਉਹਨਾਂ ਪ੍ਰਤੀ ਸਤਿਕਾਰ ਭੇਂਟ ਕਰ ਰਿਹਾ ਸੀ। ਇਸ ਹਾਲਾਤ ਦੌਰਾਨ, ਗੁਰੂ ਜੀ ਆਪ ਵੀ ਚੀਚਕ ਦੇ ਪੀੜਤ ਹੋ ਗਏ।

ਜਦ ਗੁਰੂ ਜੀ ਬੰਗਲੇ ਵਿਚ ਪਹੁੰਚੇ, ਤਾਂ ਉਹਨਾਂ ਨੂੰ ਬਹੁਤ ਬੁਖਾਰ ਸੀ। ਆਪ ਜੀ ਦੇ ਇਲਾਜ ਲਈ ਮਾਹਰ ਡਾਕਟਰਾਂ ਨੂੰ ਬੁਲਾਇਆ ਗਿਆ। ਚਾਰ ਦਿਨਾਂ ਦੇ ਇਲਾਜ ਦੇ ਬਾਵਜੂਦ, ਬੁਖਾਰ ਨਾ ਘਟਿਆ। ਗੁਰੂ ਜੀ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਗਈ। ਗੁਰੂ ਜੀ ਨੂੰ ਪਤਾ ਚਲ ਗਿਆ ਕਿ ਇਸ ਸੰਸਾਰ ਨੂੰ ਛੱਡਣ ਦਾ ਸਮਾਂ ਆ ਗਿਆ ਸੀ। ਆਪ ਜੀ ਨੇ ਸਿੱਖਾਂ ਨੂੰ ਆਪਣੇ ਕੋਲ ਬੁਲਾਇਆ ਅਤੇ ਉਹਨਾਂ ਨੂੰ ਦਸਿਆ ਕਿ ਬਕਾਲਾ ਵਿਚ ਬਾਬਾ ਜੀ ਸਿੱਖਾਂ ਦੇ ਅਗਲੇ ਗੁਰੂ ਹੋਣਗੇ।

ਅਠਵੇਂ ਨਾਨਕ ਜੀ ਦੇ ਸਰੀਰ ਦਾ ਅੰਤਮ ਸਸਕਾਰ ਦਿੱਲੀ ਵਿਚ ਜਮੁਨਾ ਦੇ ਕਿਨਾਰੇ ਕਰ ਦਿਤਾ ਗਿਆ। ਅੱਜ ਕਲ੍ਹ ਦਿੱਲੀ ਵਿਚ ਉਸ ਜਗਹ ਦੇ ਨੇੜੇ ਗੁਰਦੁਆਰਾ ਬਾਲਾ ਸਾਹਿਬ ਹੈ।

********************

# ੨੨. ਸਿਰਫ਼ ਗੁਰਬਾਣੀ ਹੀ ਅੰਮ੍ਰਿਤ ਹੈ

ਕੁਝ ਸਿੱਖ ਗੁਰੂਦੁਆਰਾ ਬੰਗਲਾ ਸਾਹਿਬ ਦੇ ਸਰੋਵਰ ਦੇ ਜਲ ਨੂੰ ਹੀ ਅੰਮ੍ਰਿਤ ਸਮਝਦੇ ਹਨ ਕਿ ਇਸ ਵਿਚ ਸ਼ਰੀਰ ਦੇ ਇਲਾਜ ਲਈ ਚਮਤਕਾਰੀ ਸ਼ਕਤੀਆਂ ਹਨ। ਸਿੱਖੀ ਵਿਚ ਅਜਿਹਾ ਕੋਈ ਸੰਕਲਪ ਨਹੀਂ ਹੈ। ਕਿਸੇ ਜਗਹ ਦਾ ਵੀ ਪਾਣੀ ਪਵਿੱਤਰ ਨਹੀਂ ਮੰਨਿਆ ਜਾਂਦਾ। ਸਿੱਖ ਗੁਰੂਆਂ ਨੇ ਜਲ ਦੇ ਪਵਿੱਤਰ ਹੋਣ ਦਾ ਖੰਡਨ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਪੰਨਾ ੯੮੨) ਅਨੁਸਾਰ, ਸਿਰਫ਼ ਗੁਰਬਾਣੀ ਹੀ ਅੰਮ੍ਰਿਤ ਹੈ। ਗੁਰਬਾਣੀ ਅਨੁਸਾਰ ਜੀਵਨ ਜੀਊਣਾ ਹੀ ਅੰਮ੍ਰਿਤ ਪੀਣਾ ਹੈ।

> ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥
>
> ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥
>
> **ਅਲੰਕਾਰਕ ਸੰਦੇਸ਼:** ਗੁਰੂ ਦੀ ਬਾਣੀ ਸਿੱਖ ਦਾ ਗੁਰੂ ਹੈ, ਗੁਰੂ ਬਾਣੀ ਵਿਚ ਮੌਜੂਦ ਹੈ। ਗੁਰੂ ਦੀ ਬਾਣੀ ਵਿਚ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਹੈ, ਜਿਸ ਨੂੰ ਸਿੱਖ ਹਰ ਵੇਲੇ ਆਪਣੇ ਹਿਰਦੇ ਵਿਚ ਸਾਂਭ ਰੱਖਦਾ ਹੈ। ਗੁਰੂ ਬਾਣੀ ਉਚਾਰਦਾ ਹੈ, ਗੁਰੂ ਦਾ ਸੇਵਕ ਉਸ ਬਾਣੀ ਉਤੇ ਸਰਧਾ ਰਖਦਾ ਹੈ। ਗੁਰੂ ਉਸ ਸਿੱਖ ਨੂੰ ਯਕੀਨੀ ਤੌਰ ਤੇ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਦੇਂਦਾ ਹੈ ॥

ਇਸਦੇ ਬਾਵਜੂਦ ਵੀ, ਕੁਝ ਸਿੱਖ ਗਲਤੀ ਨਾਲ ਜਲ ਦੇ ਪਵਿੱਤਰ ਹੋਣ ਦੀ ਭਾਵਨਾ ਵਿਚ ਵਿਸ਼ਵਾਸ ਕਰਦੇ ਹਨ। ਸਿੱਖ ਇਤਿਹਾਸਕਾਰ ਡਾ. ਹਰਜਿੰਦਰ ਸਿੰਘ ਦਿਲਗੀਰ ਆਪਣੀ ਪੁਸਤਕ 'ਸਿੱਖ ਇਤਿਹਾਸ'-੧ ਦੇ ਪੰਨਾ ੨੯੭-੨੯੮ ਤੇ ਵਿਆਖਿਆ ਦਿੰਦੇ ਹਨ:

> ਵੀਹਵੀਂ ਸਦੀ ਦੇ ਦੂਜੇ ਅੱਧ ਵਿਚ, ਕੋਈ ਪੰਜਾਹ ਸਾਲ ਪਹਿਲਾਂ, ਗੁਰਦੁਆਰਿਆਂ ਦੇ 'ਨਿਰਮਲਾ ਪੁਜਾਰੀਆਂ' (ਵੈਦਿਕ ਗ੍ਰੰਥਾਂ ਵਿਚ ਸਿਖਿਅਕ) ਨੇ ਇਕ ਕਹਾਣੀ ਘੜੀ ਕਿ ਇਸ ਗੁਰਦੁਆਰੇ ਦੇ ਪਾਣੀ ਵਿਚ ਚਮਤਕਾਰੀ ਸ਼ਕਤੀਆਂ ਹਨ। ਉਹਨਾਂ ਨੇ ਇਹ ਪਰਚਾਰ ਵੀ ਕੀਤਾ ਕਿ ਅਠਵੇਂ ਨਾਨਕ ਚੀਚਕ ਦੇ ਪੀੜਤਾਂ ਨੂੰ ਜਲ ਛਕਾਇਆ ਕਰਦੇ ਸਨ ਅਤੇ ਇਸਤ੍ਰਾਂ ਹੀ ਉਹ ਆਪ ਚੀਚਕ ਦੇ ਪੀੜਤ ਹੋ ਗਏ। ਇਹ ਮੰਨਣ ਵਿਚ ਨਹੀਂ ਆਉਂਦਾ ਕਿ ਇਥੇ ਕੋਈ ਮੰਗਤੇ ਜਾਂ ਸਧਾਰਨ ਬੀਮਾਰ ਲੋਕ ਇਸ ਤਲਾਬ ਤੇ ਆਉਂਦੇ ਹੋਣ ਅਤੇ ਅਠਵੇਂ ਨਾਨਕ ਉਹਨਾਂ ਨੂੰ ਚਮਤਕਾਰੀ ਜਲ ਛਕਾਉਂਦੇ ਸਨ। ਇਹ ਤਲਾਬ ਤਾਂ ਰਾਜਾ ਜੈ ਸਿੰਘ ਦੇ ਬੰਗਲੇ ਦੇ ਅੰਦਰ ਸੀ।

(*)ਖੰਡੇ ਦੀ ਪਾਹੁਲ ਸਮਾਗਮ ਵੇਲੇ ਵੀ "ਅੰਮ੍ਰਿਤ" ਸ਼ਬਦ ਦਾ ਉਪਯੋਗ ਕੀਤਾ ਜਾਂਦਾ ਹੈ। ਸਿੱਖੀ ਧਾਰਣ ਕਰਨ ਦੇ ਸਮਾਗਮ ਵਿਚ ਇਸਨੂੰ ਸਤਿਕਾਰ ਵਜੋਂ ਜਾਣਿਆ ਜਾਂਦਾ ਹੈ, ਨਾ ਕਿ ਅੰਮ੍ਰਿਤ ਵਿਚ ਕਿਸੇ ਚਮਤਕਾਰੀ ਸ਼ਕਤੀਆਂ ਦੇ ਹੋਣ ਕਰਕੇ।

**********************

# ੨੩. ਗੁਰੂ ਹਰਿ ਕ੍ਰਿਸ਼ਨ ਜੀ ਦੀਆਂ ਵਿਸ਼ੇਸ਼ਤਾਈਆਂ

੧੬੫੬ – ੧੬੬੪

| | |
|---|---|
| ਜਨਮ: | ਜੁਲਾਈ ੭, ੧੬੫੬ |
| ਜਨਮ ਸਥਾਨ: | ਕੀਰਤਪੁਰ |
| ਪਿਤਾ ਮਾਤਾ ਜੀ: | ਗੁਰੂ ਹਰਿ ਰਾਏ ਜੀ ਅਤੇ ਮਾਤਾ ਕ੍ਰਿਸ਼ਨ ਕੌਰ (ਸੁਲੱਖਣੀ ਜੀ) |
| ਭਰਾ: | ਰਾਮ ਰਾਏ (ਵੱਡਾ ਭਰਾ) |
| ਬੱਚੇ: | ਕੋਈ ਨਹੀਂ |
| ਗੁਰਗੱਦੀ: | ੧੬੬੧ (ਉਮਰ ਪੰਜ ਸਾਲ) |
| ਜੋਤੀ ਜੋਤ ਸਮਾਏ: | ਮਾਰਚ ੩੦, ੧੬੬੪ (ਉਮਰ ਅੱਠ ਸਾਲ) |
| ਬਾਣੀ: | ਕੋਈ ਨਹੀਂ |
| ਵਿਸ਼ੇਸ਼ ਯੋਗਦਾਨ | ਤੇਗ਼ ਬਹਾਦਰ ਜੀ ਨੂੰ ਆਪਣਾ ਉਤਰਾਧਿਕਾਰੀ ਨਿਯੁੱਕਤ ਕਰਨ ਦਾ ਫ਼ੈਸਲਾ ਆਪ ਜੀ ਦੀ ਦੂਰ-ਦ੍ਰਿਸ਼ਟਤਾ ਦਾ ਪ੍ਰਤੀਕ ਸੀ।<br>ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨਾਲ ਬੜੀ ਬਹਾਦਰੀ ਨਾਲ ਵਿਵਹਾਰ ਕੀਤਾ।<br>ਰਾਮ ਰਾਏ ਨੂੰ ਅਠਵਾਂ ਨਾਨਕ ਨਿਯੁੱਕਤ ਨਾ ਕੀਤੇ ਜਾਣ ਤੇ ਉਸਦੇ ਨਾਰਾਜ਼ ਅਤੇ ਲੜਾਕੂ ਹੋਣ ਦੇ ਬਾਵਜੂਦ, ਆਪ ਜੀ ਨੇ ਉਸ ਨਾਲ ਬੜੀ ਨਿਮ੍ਰਤਾ ਨਾਲ ਵਿਵਹਾਰ ਕੀਤਾ।<br>ਆਪ ਜੀ ਮਾਨਵਤਾ ਪ੍ਰਤੀ ਪਿਆਰ ਨਾਲ ਭਰਪੂਰ ਸਨ। ਚੀਚਕ ਨਾਲ ਪੀੜਤ ਲੋਕਾਂ ਨੂੰ ਮਿਲਣ ਨਾਲ ਬੀਮਾਰੀ ਹੋਣ ਦੇ ਡਰ ਤੋਂ ਆਪ ਜੀ ਬਿਲਕੁਲ ਨਹੀਂ ਝਿਜਕੇ। |

*********************

# ੨੪. ਵਿਸ਼ੇਸ਼ ਸੰਸਾਰਕ ਘਟਨਾਵਾਂ

(ਗੁਰੂ ਹਰਿ ਗੋਬਿੰਦ ਜੀ ਤੋਂ ਗੁਰੂ ਹਰਿ ਕ੍ਰਿਸ਼ਨ ਜੀ ਦੇ ਸਮੇਂ ਦੌਰਾਨ)

| | |
|---|---|
| ੧੫੯੩ | ਇਟਲੀ ਵਿਚ ਗੈਲੀਲੀਓ ਪਹਿਲੇ ਥਰਮਾਮੀਟਰ ਦਾ ਵਿਕਾਸ ਕਰਦਾ ਹੈ। |
| ੧੬੦੦ | ਇੰਗਲੈਂਡ ਦੀ ਮਹਾਰਾਣੀ ਅਲਿਜ਼ਬੈੱਥ ਹਾਲੈਂਡ ਦੇ ਮੁਕਾਬਲੇ, ਜੋ ਭਾਰਤ ਨਾਲ ਵਿਓਪਾਰ ਕਰਦਾ ਸੀ, ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਬਣਾਉਂਦੀ ਹੈ। |
| ੧੬੦੨ | ਹਾਲੈਂਡ ਦੀ ਸਰਕਾਰ (ਸੰਯੁਕਤ ਨੀਦਰਲੇਂਡ) ਨੇ ਭਾਰਤ ਨਾਲ ਵਿਓਪਾਰ ਕਰਨ ਲਈ ਹਾਲੈਂਡ ਦੀ ਈਸਟ ਇੰਡੀਆ ਕੰਪਨੀ ਨੂੰ ਸਵੈ-ਅਧਿਕਾਰ ਦਿਤੇ। |
| ੧੬੦੭ | ਲੰਡਨ ਦੀ ਇਕ ਕੰਪਨੀ ਨੇ ਤਿੰਨ ਸਮੁੰਦਰੀ ਜਹਾਜ਼ ਅਤੇ ਇਕ ਹੋਰ ਟੋਲਾ ਭੇਜਿਆ ਜਿੱਥੋ ਅੱਜ ਵਰਜੀਨੀਆ ਰਾਜ ਹੈ ਅਤੇ ਉਥੇ ਇਕ ਨਗਰ ਜੇਮਸਟਾਉਨ ਵਸਾਇਆ। |
| ੧੬੦੯ | ਹਾਲੈਂਡ ਦੀ ਈਸਟ ਇੰਡੀਆ ਕੰਪਨੀ ਵਲੋਂ ਰੁਜ਼ਗਾਰ ਤੇ ਲਗਾਇਆ ਹੈੱਨਰੀ ਹਡਸਨ ਮਨਹੱਟਨ ਟਾਪੂ ਆਕੇ ਜਹਾਜ ਰੋਕਦਾ ਹੈ ਅਤੇ ਸਥਾਨਕ ਅਮਰੀਕਨਾਂ ਨਾਲ ਵਿਓਪਾਰ ਕਰਦਾ ਹੈ। |
| ੧੬੧੬ | ਵਿਲੀਅਮ ਸ਼ੈਕਸਪੀਅਰ ਦਾ ਦੇਹਾਂਤ ਹੋ ਜਾਂਦਾ ਹੈ। |
| ੧੬੨੧ | ਮੈਸਾਚੁਸਟ ਵਿਚ ਪਿਲਗਰਿਮ ਵੈਮਪਾਨੋਗ ਦੇ ਮੁਖੀ ਨਾਲ ਨੱਬੇ ਹੋਰ ਜੋਧਿਆਂ ਸਮੇਤ ਖਾਣਾ ਖਾਂਦੇ ਹਨ। ਅਮਰੀਕਾ ਵਿਚ ਇਸ ਘਟਨਾ ਨੂੰ Thankgiving Day ਵਜੋਂ ਮਨਾਇਆ ਜਾਂਦਾ ਹੈ। |
| ੧੬੨੯ | ਰੋਮ ਦੇ ਧਾਰਮਿਕ ਸਾਮਰਾਜ ਵਿਚ ਹਜ਼ਾਰਾਂ ਲੋਕਾਂ ਨੂੰ ਚੁੜੇਲਾਂ ਕਹਿਕੇ ਸਾੜ ਦਿਤਾ ਜਾਂਦਾ ਹੈ। |
| ੧੬੩੨ | ਬ੍ਰਹਮੰਡ ਬਾਰੇ ਗੈਲੀਲਓ ਆਪਣੇ ਵਿਚਾਰਾਂ ਨੂੰ ਛਪਵਾਉਂਦਾ ਹੈ। |
| ੧੬੪੧ | ਇਕ ਕਿਲੇ ਦਾ ਨੀਂਹ ਪੱਥਰ ਰਖਿਆ ਜਾਂਦਾ ਜੋ ਅੱਜ ਮੋਂਟ੍ਰੀਆਲ ਅਖਵਾਉਂਦਾ ਹੈ। |
| ੧੬੪੨ | ਮੁਗ਼ਲ ਬਾਦਸ਼ਾਹ ਸ਼ਾਹ ਜਹਾਨ ਨੇ ਆਪਣੀਆਂ ਪਤਨੀਆਂ ਵਿਚੋਂ ਇਕ ਦੀ ਯਾਦ ਵਿਚ ਤਾਜ ਮਹਿਲ ਬਣਵਾਇਆ। |
| ੧੬੫੮ | ਔਰੰਗਜ਼ੇਬ ਨੇ ਆਪਣੇ ਭਰਾ ਦਾਰਾ ਸਿਕੋਹ ਨੂੰ ਹਰਾਇਆ, ਆਪਣੇ ਪਿਤਾ ਅਤੇ ਭਰਾ ਮੁਰਾਦ ਨੂੰ ਜੇਹਲ ਵਿਚ ਕੈਦ ਕੀਤਾ ਅਤੇ ਖੁਦ ਤਾਜ ਪਹਨਿਆ। |
| ੧੬੬੫ | ਦੂਰਬੀਨ ਦੀ ਬਹੁਤ ਵਧੇਰੇ ਵਰਤੋਂ ਸ਼ੁਰੂ ਹੋ ਗਈ ਸੀ। ਕੁਦਰਤ ਦੇ ਇਕ ਅੰਗਰੇਜ਼ ਫ਼ਿਲਾਸਫ਼ਰ ਰਾਬਰਟ ਹੁੱਕ ਨੇ ਕਾਰਕ ਵਿਚ ਜੀਵਤ ਪੌਦਿਆਂ ਦੀ ਹੋਂਦ ਨੂੰ ਲਭਿਆ, ਜਿਹਨਾਂ ਨੂੰ ਉਸਨੇ ਸੈੱਲ ਕਿਹਾ। |
| ੧੬੬੭ | ਖੂਨ ਦੀ ਤਬਦੀਲੀ ਕਰਦਿਆਂ ਦੋ ਸਾਲ ਹੋ ਗਏ ਸਨ। ਕੁੱਤਿਆਂ ਨੂੰ ਦੂਜੇ ਕੁਤਿਆਂ ਤੋਂ ਖੂਨ ਦਾ ਤਬਾਦਲਾ ਕਰਕੇ ਜੀਵਤ ਰਖਿਆ ਜਾਂਦਾ ਸੀ। |

# ਹਵਾਲੇ


੧. *Sikh Tavareekh (Part One, ੧੪੬੯-੧੭੦੮)*, ਡਾ. ਹਰਜਿੰਦਰ ਸਿੰਘ ਦਿਲਗੀਰ, ਪ੍ਰਕਾਸ਼ਕ – ਸਿੰਘ ਬ੍ਰਦਰਸ, ਅੰਮ੍ਰਿਤਸਰ।

੨. *ਗੁਰ ਇਤਿਹਾਸ (ਪਾਤਸ਼ਾਹੀ ੨-੯)*, ਪ੍ਰੋ. ਸ਼ਾਹਿਬ ਸਿੰਘ, ਸਿੰਘ ਬ੍ਰਦਰਸ, ਅੰਮ੍ਰਿਤਸਰ

੩. *About Compilation of Sri Guru Granth Sahib*, ਪ੍ਰੋ. ਸ਼ਾਹਿਬ ਸਿੰਘ, ਲੋਕ ਸਾਹਿਤ ਪ੍ਰਕਾਸ਼ਨ, ਅੰਮਿਤਸਰ।

੪. ਸ਼੍ਰੋ. ਗੁ. ਪ੍ਰ. ਕ., website, http://sgpc.net/ten-guru-sahibs/guru-Teg-Bahadar-sahib/

੫. ਗੂਗਲ ਤੋਂ, ਸੰਸਾਰ ਦੀਆਂ ਵਿਸ਼ੇਸ ਘਟਨਾਵਾਂ

੬. *The Sikhs, ਪਤਵੰਤ ਸਿੰਘ, ਰੂਪਾ ਐਂਡ ਕੰਪਨੀ, ਨਵੀਂ ਦਿਲੀ।*

੭. *The Sikhs of the Punjab, ਜੇ. ਐਸ. ਗਰੇਵਾਲ, ਫਾਉਂਡੇਸ਼ਨ ਬੁਕਸ, ਨਵੀਂ ਦਿਲੀ।*

# ਹੇਮਕੁੰਟ ਫ਼ਾਊਂਡੇਸਨ ਦੀਆਂ ਪੁਸਤਕਾਂ:

੧. *ਗੁਰੂ ਨਾਨਕ ਸਾਹਿਬ* (ਅੰਗ੍ਰੇਜ਼ੀ ਅਤੇ ਪੰਜਾਬੀ; ੬-੮ ਸਾਲ ਦੀ ਆਯੂ ਲਈ)

੨. *ਦੂਜੇ ਤੋਂ ਚੌਥੇ ਨਾਨਕ* (ਅੰਗ੍ਰੇਜ਼ੀ ਅਤੇ ਪੰਜਾਬੀ; ੬-੮ ਸਾਲ ਦੀ ਆਯੂ ਲਈ)

*੩.* ਪੰਜਵੇਂ ਨਾਨਕ (ਅੰਗ੍ਰੇਜ਼ੀ ਅਤੇ ਪੰਜਾਬੀ; ੬-੮ ਸਾਲ ਦੀ ਆਯੂ ਲਈ).

*੪. ਛੇਵੇਂ ਤੋਂ ਅਠਵੇਂ ਨਾਨਕ* (ਅੰਗ੍ਰੇਜ਼ੀ ਅਤੇ ਪੰਜਾਬੀ; ੯-੧੧ ਸਾਲ ਦੀ ਆਯੂ ਲਈ)

*੫. ਨੌਵੇਂ ਨਾਨਕ* (ਅੰਗ੍ਰੇਜ਼ੀ ਅਤੇ ਪੰਜਾਬੀ; ੯-੧੧ ਸਾਲ ਦੀ ਆਯੂ ਲਈ)

*੬. ਦਸਵੇਂ ਨਾਨਕ* (ਅੰਗ੍ਰੇਜ਼ੀ ਅਤੇ ਪੰਜਾਬੀ; ੯-੧੧ ਸਾਲ ਦੀ ਆਯੂ ਲਈ)

*੭.* ੧੭੧੮-੧੮੦੧ ਦੇ ਸਿੱਖ (ਅੰਗ੍ਰੇਜ਼ੀ ਅਤੇ ਪੰਜਾਬੀ; ੧੨-੧੪ ਸਾਲ ਦੀ ਆਯੂ ਲਈ)

੮. *ਸ੍ਰੀ ਗੁਰੁ ਗਰੰਥ ਸਾਹਿਬ ਵਿਚ ਭਗਤਾਂ ਦਾ ਸੰਦੇਸ਼* (ਅੰਗ੍ਰੇਜ਼ੀ ਅਤੇ ਪੰਜਾਬੀ; ੧੫-੧੭ ਸਾਲ ਦੀ ਆਯੂ ਲਈ)